Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : #36 07-06-2025 www.samajweekly.com samajweekly @samajweekly samajweekly

## ਕਦੇ ਉਹ ਸਭ ਤੋਂ ਚੰਗੇ ਦੋਸਤ ਸਨ

# ਹੁਣ ਉਹ ਪੱਕੇ ਦੁਸ਼ਮਣ ਬਣ ਗਏ...

## ਮਸਕ ਤੇ ਟਰੰਪ ਦੇ ਰਿਸ਼ਤੇ 'ਚ ਕੁੜੱਤਣ ਦਾ ਅਸਲ ਕਾਰਨ ਕੀ ਹੈ?

**ਵਾਸ਼ਿੰਗਟਨ :** ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਅਤੇ ਅਰਬਪਤੀ ਐਲੋਨ ਮਸਕ ਵਿਚਕਾਰ ਨੇੜਲੀ ਦੋਸਤੀ ਹੁਣ ਦੁਸਮਣੀ ਵਿੱਚ ਬਦਲ ਰਹੀ ਹੈ। ਦੋਵੇਂ ਇੱਕ ਦੂਜੇ ਦੇ ਕੱਟੜ ਦੁਸਮਣ ਬਣਦੇ ਜਾਪਦੇ ਹਨ।

ਮਸਕ ਦਾ ਟਰੰਪ ਪ੍ਰਸਾਸਨ ਤੋਂ ਵਿਦਾ ਹੋਣਾ, ਟੈਕਸ ਬਿੱਲ ਦੀ ਵਾਰ-ਵਾਰ ਆਲੋਚਨਾ, ਦੋਵਾਂ ਵਿਚਕਾਰ ਦੋਸਾਂ ਅਤੇ ਜਵਾਬੀ ਦੋਸਾਂ ਦਾ ਦੌਰ ਅਤੇ ਫਿਰ ਇੱਕ ਦੂਜੇ ਨੂੰ ਧਮਕੀਆਂ ਦੇਣਾ ਕਿਸੇ ਦੁਸਮਣੀ ਤੋਂ ਘੱਟ ਨਹੀਂ ਹੈ।

ਜਦੋਂ ਮਸਕ ਨੇ ਟੈਕਸ ਬਿੱਲ ਦੀ ਵਾਰ-ਵਾਰ ਆਲੋਚਨਾ ਕੀਤੀ, ਤਾਂ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਉਸਨੇ ਉਸਨੂੰ ਨਿਰਾਸ ਕੀਤਾ। ਇਸ ਤੋਂ ਬਾਅਦ ਦੋਵਾਂ ਵਿਚਕਾਰ ਸਬਦੀ ਜੰਗ ਛਿੜ ਗਈ। ਟਰੰਪ ਨੇ ਕਿਹਾ ਕਿ ਮਸਕ ਨੂੰ "ਟਰੰਪ ਡਿਰੇਂਜਮੈਂਟ ਸਿੰਡਰੋਮ" ਹੈ। ਦੁਨੀਆ ਦੇ ਸਭ ਤੋਂ ਅਮੀਰ ਆਦਮੀ ਨੂੰ ਵ੍ਹਾਈਟ ਹਾਊਸ ਵਿੱਚ ਰਹਿਣ ਦੀ ਯਾਦ ਆਉਂਦੀ ਹੈ।

ਇਸ ਤੋਂ ਬਾਅਦ, ਟੇਸਲਾ ਦੇ ਸੀਈਓ ਨੇ ਟਰੰਪ 'ਤੇ ਵਾਰ ਕੀਤਾ ਅਤੇ ਕਿਹਾ ਕਿ ਜੇ ਮੈਂ ਉੱਥੇ ਨਾ ਹੁੰਦਾ, ਤਾਂ ਟਰੰਪ ਚੋਣ ਹਾਰ ਜਾਂਦੇ। ਉਸਨੇ ਟਰੰਪ 'ਤੇ ਬੇਵਫਾਈ ਦਾ ਦੋਸ ਲਗਾਇਆ।




### ਕੀ ਮਸਕ ਨਵੀਂ ਪਾਰਟੀ ਬਣਾਉਣਗੇ?

ਇੰਨਾ ਹੀ ਨਹੀਂ, ਮਸਕ ਨੇ ਕਿਹਾ ਕਿ ਹੁਣ ਨਵੀਂ ਪਾਰਟੀ ਬਣਾਉਣ ਦਾ ਸਮਾਂ ਆ ਗਿਆ ਹੈ। ਜਦੋਂ ਕਿ ਮਸਕ ਦੇ ਪ੍ਰਮੁੱਖ ਸਮਰਥਕ ਇਆਨ ਮਾਈਲਸ ਚੇਓਂਗ ਨੇ ਉਨ੍ਹਾਂ ਦੀ ਐਕਸ-ਪੋਸਟ ਦਾ ਸਮਰਥਨ ਕੀਤਾ ਅਤੇ ਟਰੰਪ ਦੇ ਮਹਾਦੋਸ ਦੀ ਮੰਗ ਕੀਤੀ। ਇਸ ਦੌਰਾਨ, ਟਰੰਪ ਨੇ ਮਸਕ ਦੀਆਂ ਕੰਪਨੀਆਂ ਨੂੰ ਦਿੱਤੇ ਸਾਰੇ ਇਕਰਾਰਨਾਮੇ ਅਤੇ ਸਬਸਿਡੀਆਂ ਖਤਮ ਕਰਨ ਦੀ ਧਮਕੀ ਦਿੱਤੀ। ਉਸਨੇ ਟਰੰਪ ਦੀ ਸਪੇਸਐਕਸ ਰਾਕੇਟ ਕੰਪਨੀ ਅਤੇ ਉਸਦੀ ਸਟਾਰਲਿੰਕ ਇੰਟਰਨੈਟ ਸੇਵਾਵਾਂ ਨੂੰ ਦਿੱਤੇ ਗਏ ਸਰਕਾਰੀ ਠੇਕੇ ਰੋਕਣ ਦੀ ਧਮਕੀ ਦਿੱਤੀ। ਵਿੱਚ, ਮਸਕ ਨੇ ਕਿਹਾ ਕਿ ਉਸਦੀ ਸਪੇਸਐਕਸ ਕੰਪਨੀ ਡਰੈਗਨ ਕੈਪਸੂਲ ਨੂੰ ਤੁਰੰਤ ਵਾਪਸ ਲੈ ਲਵੇਗੀ। ਇਸ ਕੈਪਸੂਲ ਦੀ ਵਰਤੋਂ ਪੁਲਾੜ ਯਾਤਰੀਆਂ ਦੀ ਆਵਾਜਾਈ ਅਤੇ ਅੰਤਰਰਾਸਟਰੀ ਪੁਲਾੜ ਸਟੇਸਨ ਤੱਕ ਅਤੇ ਆਉਣ-ਜਾਣ ਲਈ ਲੌਜਿਸਟਿਕਸ ਦੀ ਸਪਲਾਈ ਲਈ ਕੀਤੀ ਜਾਂਦੀ ਹੈ। ਨਾਸਾ ਆਪਣੇ ਕਈ ਪ੍ਰੋਗਰਾਮਾਂ ਲਈ ਸਪੇਸਐਕਸ 'ਤੇ ਵੀ ਨਿਰਭਰ ਕਰਦਾ ਹੈ। ਹਾਲਾਂਕਿ, ਮਸਕ ਨੇ ਬਾਅਦ ਵਿੱਚ ਇਸ ਧਮਕੀ ਨੂੰ ਵਾਪਸ ਲੈ ਲਿਆ।

### ਇਸ ਤਰ੍ਹਾਂ ਟੁੱਟ ਗਈ ਟਰੰਪ-ਮਸਕ ਦੀ ਜੋੜੀ

ਟਰੰਪ ਅਤੇ ਮਸਕ ਵਿਚਕਾਰ ਮਤਭੇਦ ਉਦੋਂ ਸਾਹਮਣੇ ਆਏ ਜਦੋਂ ਟੇਸਲਾ ਦੇ ਸੀਈਓ ਨੇ 28 ਮਈ ਨੂੰ ਅਮਰੀਕੀ ਰਾਸਟਰਪਤੀ ਦੇ 'ਵੱਡੇ ਸੁੰਦਰ' ਟੈਕਸ ਬਿੱਲ ਦੀ ਖੁੱਲ੍ਹ ਕੇ ਆਲੋਚਨਾ ਕੀਤੀ। ਇਸ ਤੋਂ ਥੋੜ੍ਹੀ ਦੇਰ ਬਾਅਦ, ਉਸਨੇ ਰਾਸਟਰਪਤੀ ਟਰੰਪ ਦੇ ਇੱਕ ਪ੍ਰਮੁੱਖ ਸਲਾਹਕਾਰ ਵਜੋਂ ਆਪਣੀ ਭੂਮਿਕਾ ਤੋਂ ਅਸਤੀਫਾ ਦੇਣ ਦੇ ਆਪਣੇ ਫੈਸਲੇ ਦਾ ਐਲਾਨ ਕੀਤਾ। ਇਸ ਦੇ ਨਾਲ, ਅਮਰੀਕੀ ਰਾਜਨੀਤੀ ਵਿੱਚ ਸਭ ਤੋਂ ਵੱਧ ਚਰਚਿਤ ਜੋੜਾ ਟੁੱਟ ਗਿਆ।

ਮਸਕ ਨੇ ਬੁੱਧਵਾਰ ਨੂੰ ਟਰੰਪ ਦੇ ਘਰੇਲੂ ਏਜੰਡੇ ਨਾਲ ਸਬੰਧਤ ਬਿੱਲ ਦੀ ਫਿਰ ਆਲੋਚਨਾ ਕੀਤੀ ਅਤੇ ਇਸਨੂੰ ਘਿਣਾਉਣਾ ਕਿਹਾ। ਇਸ ਤੋਂ ਬਾਅਦ, ਇੰਟਰਨੈੱਟ ਮੀਡੀਆ ਪਲੇਟਫਾਰਮ ਐਕਸ ਅਤੇ ਸੋਸਲ ਟਰੂਥ ਰਾਹੀਂ ਦੋਵਾਂ ਵਿਚਕਾਰ ਦੋਸਾਂ ਅਤੇ ਜਵਾਬੀ ਦੋਸਾਂ ਦਾ ਦੌਰ ਸੁਰੂ ਹੋ ਗਿਆ। ਪਿਛਲੇ ਸਾਲ ਰਾਸਟਰਪਤੀ ਚੋਣਾਂ ਦੌਰਾਨ ਦੋਵੇਂ ਨੇੜੇ ਆਏ ਸਨ ਅਤੇ ਟਰੰਪ ਨੇ ਉਨ੍ਹਾਂ ਨੂੰ ਸਰਕਾਰੀ ਕੁਸਲਤਾ ਵਿਭਾਗ ਦਾ ਮੁਖੀ ਬਣਾਇਆ ਸੀ। ਮਸਕ ਨੇ ਟਰੰਪ ਦੀ ਰਾਸਟਰਪਤੀ ਉਮੀਦਵਾਰੀ ਦਾ ਸਮਰਥਨ ਕਰਨ ਲਈ 300 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ।

### ਟੈਸਲਾ ਦੇ ਸ਼ੇਅਰਾਂ 'ਚ ਆਈ ਭਾਰੀ ਗਿਰਾਵਟ

ਨਾਲ ਵਿਗੜਦੇ ਸਬੰਧਾਂ ਦਾ ਖਮਿਆਜਾ ਮਸਕ ਦੀ ਕੰਪਨੀ ਟੈਸਲਾ ਨੂੰ ਭੁਗਤਣਾ ਪੈ ਰਿਹਾ ਹੈ। ਵੀਰਵਾਰ ਨੂੰ ਇਲੈਕਟ੍ਰਿਕ ਵਾਹਨ ਨਿਰਮਾਤਾ ਦੇ ਸੇਅਰ 14 ਪ੍ਰਤੀਸਤ ਤੱਕ ਡਿੱਗ ਗਏ। ਇਸ ਗਿਰਾਵਟ ਕਾਰਨ ਟੇਸਲਾ ਦੀ ਮਾਰਕੀਟ ਪੂੰਜੀ ਇੱਕ ਦਿਨ ਵਿੱਚ £150 ਬਿਲੀਅਨ ਘੱਟ ਗਈ।

ਇਸ ਤੋਂ ਪਹਿਲਾਂ, ਟਰੰਪ ਨੇ ਕਿਹਾ ਸੀ ਕਿ ਮਸਕ ਦੇ ਵਿਰੋਧ ਦਾ ਕਾਰਨ ਟੈਕਸ ਬਿੱਲ ਵਿੱਚ ਇਲੈਕਟ੍ਰਿਕ ਵਾਹਨਾਂ ਲਈ ਖਪਤਕਾਰ ਟੈਕਸ ਕ੍ਰੈਡਿਟ ਨੂੰ ਖਤਮ ਕਰਨ ਦਾ ਪ੍ਰਸਤਾਵ ਸੀ। ਇਸ 'ਤੇ, ਇਲੈਕਟ੍ਰਿਕ ਵਾਹਨ ਨਿਰਮਾਣ ਕੰਪਨੀ ਟੇਸਲਾ ਦੇ ਸੀਈਓ ਮਸਕ ਨੇ ਕਿਹਾ ਕਿ ਉਹ ਇਸ ਬਿੱਲ ਦਾ ਵਿਰੋਧ ਕਰਦੇ ਹਨ ਕਿਉਂਕਿ ਇਹ ਸੰਘੀ ਘਾਟੇ ਨੂੰ ਵਧਾਏਗਾ।

## 'ਅਸੀਂ ਬਰਬਾਦ ਹੋ ਜਾਵਾਂਗੇ', ਪਾਕਿ ਸਿੰਧੂ ਜਲ ਸੰਧੀ ਨੂੰ ਬਹਾਲ ਕਰਨ ਲਈ ਕਰ ਰਿਹਾ ਸੰਘਰਸ਼

**ਨਵੀਂ ਦਿੱਲੀ :** ਅੱਤਵਾਦ 'ਤੇ ਪਾਕਿਸਤਾਨ ਨੂੰ ਭਾਰੀ ਝਟਕਾ ਦੇਣ ਲਈ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਭਾਰਤ ਦੇ ਫੈਸਲੇ ਵਿਰੁੱਧ ਪਾਕਿਸਤਾਨ ਕੋਈ ਕਾਰਵਾਈ ਕਰਨ ਦੇ ਯੋਗ ਨਹੀਂ ਹੈ। ਭਾਰਤ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਵਾਰ-ਵਾਰ ਕਹਿਣ ਤੋਂ ਬਾਅਦ, ਪਾਕਿਸਤਾਨ ਨੇ ਵਿਸਵ ਬੈਂਕ ਕੋਲ ਵੀ ਪਹੁੰਚ ਕੀਤੀ ਹੈ, ਜੋ ਕਿ ਸੰਧੀ ਵਿੱਚ ਵਿਚੋਲਗੀ ਕਰਦਾ ਹੈ, ਅਤੇ ਸੂਤਰਾਂ ਅਨੁਸਾਰ, ਵਿਸਵ ਬੈਂਕ ਨੇ ਇਸ ਸਮੇਂ ਦਖਲ ਦੇਣ ਤੋਂ ਅਸਮਰੱਥਾ ਪ੍ਰਗਟਾਈ ਹੈ।

**ਵਿਦੇਸ ਮੰਤਰਾਲੇ ਨੂੰ ਭੇਜੇ ਗਏ ਪੱਤਰ**

ਸਰਕਾਰੀ ਸੂਤਰਾਂ ਅਨੁਸਾਰ, ਪਾਕਿਸਤਾਨ ਦੇ ਜਲ ਸਰੋਤ ਮੰਤਰਾਲੇ ਵੱਲੋਂ ਹੁਣ ਤੱਕ ਚਾਰ ਪੱਤਰ ਭੇਜੇ ਜਾ ਚੁੱਕੇ ਹਨ ਅਤੇ ਇਨ੍ਹਾਂ ਸਾਰਿਆਂ ਵਿੱਚ ਸਮਝੌਤੇ ਨੂੰ ਬਹਾਲ ਕਰਨ ਦੀ ਬੇਨਤੀ ਸੀ। ਚੌਥੀ ਚਿੱਠੀ ਇਸ ਹਫਤੇ ਆਈ। ਲਗਭਗ ਸਾਰਿਆਂ ਵਿੱਚ, ਪਾਕਿਸਤਾਨ ਨੇ ਸ?ਿਕਾਇਤ ਕੀਤੀ ਹੈ ਕਿ ਇਸ ਨਾਲ ਉਸਦੇ ਦੇਸ ਵਿੱਚ ਸਮੱਸਿਆਵਾਂ ਵਧੀਆਂ ਹਨ। ਸੂਤਰਾਂ ਦਾ ਕਹਿਣਾ ਹੈ ਕਿ ਜਲ ਸਕਤੀ ਮੰਤਰਾਲੇ ਨੇ ਇਹ ਪੱਤਰ ਵਿਦੇਸ ਮੰਤਰਾਲੇ ਨੂੰ ਭੇਜੇ ਹਨ। 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਭਿਆਨਕ ਪਾਕਿਸਤਾਨ-ਪ੍ਰਯੋਜਿਤ ਅੱਤਵਾਦੀ ਹਮਲੇ ਤੋਂ ਬਾਅਦ, ਸੁਰੱਖਿਆ



ਬਾਰੇ ਕੈਬਨਿਟ ਕਮੇਟੀ ਨੇ ਸਿੰਧੂ ਜਲ ਸੰਧੀ ਨੂੰ ਰੋਕ ਦੇਣ ਦਾ ਫੈਸਲਾ ਕੀਤਾ ਸੀ। ਇਸ ਤੋਂ ਬਾਅਦ, ਭਾਰਤ ਨੇ ਪਾਕਿਸਤਾਨ ਵਿੱਚ ਸਥਿਤ ਅੱਤਵਾਦੀ ਟਿਕਾਣਿਆਂ ਵਿਰੁੱਧ ਵੀ ਫੌਜੀ ਕਾਰਵਾਈ ਕੀਤੀ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਸਪੱਸਟ ਕੀਤਾ ਕਿ ਖੂਨ (ਅੱਤਵਾਦ ਕਾਰਨ) ਅਤੇ ਪਾਣੀ ਇਕੱਠੇ ਨਹੀਂ ਵਹਿ ਸਕਦੇ।

**ਸਿੰਧੂ ਨਦੀ ਨੂੰ ਯਮੁਨਾ ਨਾਲ ਜੋੜਨ ਦੀ ਯੋਜਨਾ** - ਸੂਤਰਾਂ ਅਨੁਸਾਰ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਤੋਂ ਬਾਅਦ, ਭਾਰਤ ਨੇ ਦੋਵਾਂ ਦੇਸਾਂ ਵਿਚਕਾਰ ਵਹਿਣ ਵਾਲੀਆਂ ਸਾਰੀਆਂ ਛੇ ਨਦੀਆਂ ਦੇ ਪਾਣੀ ਨੂੰ ਆਪਣੇ ਤਰੀਕੇ ਨਾਲ ਵਰਤਣ ਲਈ ਇੱਕ ਢਾਂਚਾ ਬਣਾਉਣ ਦਾ ਕੰਮ ਸੁਰੂ ਕਰ ਦਿੱਤਾ ਹੈ। ਇਸ ਤਹਿਤ ਬਿਆਸ ਨਦੀ ਅਤੇ ਗੰਗਾ ਨੂੰ ਜੋੜਨ ਲਈ 120 ਕਿਲੋਮੀਟਰ ਲੰਬੀ ਨਹਿਰ ਬਣਾਉਣ ਦੀ ਯੋਜਨਾ ਹੈ। ਸਿੰਧੂ ਜਲ ਸਮਝੌਤੇ ਨਾਲ ਜੁੜੇ ਇੱਕ ਸੂਤਰ ਦੇ ਅਨੁਸਾਰ, ਸਿੰਧੂ ਨਦੀ ਨੂੰ ਯਮੁਨਾ ਨਾਲ ਜੋੜਨ ਦੀ ਵੀ ਯੋਜਨਾ ਹੈ। ਜੇਕਰ ਇਹ ਦੋਵੇਂ ਪ੍ਰੋਜੈਕਟ ਅੱਗੇ ਵਧਦੇ ਹਨ ਤਾਂ ਵਾਧੂ ਪਾਣੀ ਦੇ ਪ੍ਰਬੰਧਨ ਦੀ ਸਮੱਸਿਆ ਹੱਲ ਹੋ ਜਾਵੇਗੀ। ਇਹ ਪ੍ਰੋਜੈਕਟ ਦਿੱਲੀ, ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਰਗੇ ਰਾਜਾਂ ਦੀ ਪਾਣੀ ਦੀ ਸਮੱਸਿਆ ਨੂੰ ਵੀ ਹੱਲ ਕਰੇਗਾ।

# ਕਾਫਲੇ ਵੱਲੋਂ ਮਈ ਮਹੀਨੇ ਦੀ ਮੀਟਿੰਗ ਦੌਰਾਨ ਵਿੱਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਅਤੇ ਮਹਿਮਾਨਾਂ ਨਾਲ ਗੱਲਬਾਤ

**ਬਰੈਂਪਟਨ:- (ਰਛਪਾਲ ਕੌਰ ਗਿੱਲ)** 'ਪੰਜਾਬੀ ਕਲਮਾਂ ਦਾ ਕਾਫਲਾ ਟੋਰਾਂਟੋ' ਦੀ ਮਹੀਨੇਵਾਰ ਜਿੱਥੇ ਤਜੱਮੁਲ ਕਲੀਮ ਅਤੇ ਤਰਨ ਸਿੰਘ ਜੱਗੀ ਨੂੰ ਸਰਧਾਂਜਲੀ ਭੇਟ ਕੀਤੀ ਗਈ ਓਥੇ ਡਾ. ਨਵਜੋਤ ਕੌਰ ਨਾਲ ਗੱਲਬਾਤ ਕੀਤੀ ਗਈ, ਸਮੀਲ ਵੱਲੋਂ ਆਪਣੀ ਸਾਇਰੀ ਸਾਂਝੀ ਕੀਤੀ ਗਈ ਅਤੇ ਤਜੱਮੁਲ ਕਲਿੰ ਅਤੇ ਨਿਰੰਜਨ ਸਿੰਘ ਨੂੰ ਸਮਰਪਿਤ ਕਵੀ ਦਰਬਾਰ ਕੀਤਾ ਗਿਆ।

ਡਾ.ਨਾਹਰ ਸਿੰਘ ਨੇ ਰਤਨ ਸਿੰਘ ਜੱਗੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ 98 ਸਾਲ ਦੀ ਉਮਰ ਤੱਕ ਸਾਹਿਤ ਨੂੰ ਸਮਰਪਿਤ ਰਹੇ ਖਾਸ ਕਰਕੇ ਧਰਮ ਦੇ ਮਾਮਲੇ ਵਿੱਚ ਸਿੱਖ ਚਿੰਤਨ ਨੂੰ ਜਾਗਰੂਕ ਕਰਦੇ ਰਹੇ। ਉਹ 1987 ਵਿੱਚ ਰੀਟਾਇਰ ਹੋਏ ਅਤੇ ਉਨ੍ਹਾਂ ਦਾ ਵਧੇਰੇ ਕੰਮ ਸੇਵਾ-ਮੁਕਤੀ ਤੋਂ ਬਾਅਦ ਹੀ ਹੋਇਆ। 'ਦਸਮ ਗ੍ਰੰਥ ਦਾ ਰਚਨਾਕਾਰ ਕੌਣ' ਵਿਸੇ 'ਤੇ ਪੀਐੱਚਡੀ ਕਰਦਿਆਂ ਉਨ੍ਹਾਂ ਉਦਾਹਰਣਾਂ ਨਾਲ ਸਾਬਤ ਕੀਤਾ ਕਿ ਦਸਮ ਗ੍ਰੰਥ ਦਾ ਰਚੇਤਾ ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ ਪਰ ਬਾਅਦ ਵਿੱਚਵਿਵਾਦ ਪੈਦਾ ਹੋਣ ਕਰਕੇ ਉਨ੍ਹਾਂ ਨੂੰ ਕੁਝ ਦਬਦੀਲੀਆਂ ਕਰਨੀਆਂ ਪਈਆਂ। ਉਨ੍ਹਾਂ ਨੇ ਦਸਮ ਗ੍ਰੰਥ ਅਤੇ ਸਮੁੱਚੇ ਗ੍ਰੰਥ ਸਾਹਿਬ ਦਾ ਟੀਕਾ ਵੀ ਤਿਆਰ ਕੀਤਾ। ਡਾ. ਨਾਹਰ ਸਿੰਘ ਨੇ ਉਨ੍ਹਾਂ ਨੂੰ ਉਸ ਪੀੜ੍ਹੀ ਦਾ ਆਖਰੀ ਚਿਰਾਗ ਦੱਸਿਆ ਜੋ ਸਾਹਿਤਕ ਖੋਜ ਨੂੰ ਸੌਂਕੀਆ ਤੌਰ 'ਤੇ ਨਹੀਂ ਸਗੋਂ ਵਚਨਬੱਧਤਾ ਵਜੋਂ ਲੈ ਕੇ ਕੰਮ ਕਰਦੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਡਾ. ਮੋਹਨ ਸਿੰਘ ਦੀਵਾਨਾ ਤੋਂ ਬਾਅਦ ਡਾ. ਜੱਗੀ ਦੂਸਰੇ ਵਿਅਕਤੀ ਸਨ ਜਿਨ੍ਹਾਂ ਨੇ ਡੀ.ਲਿਟ. ਕੀਤੀ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਡਾ. ਜੱਗੀ ਦਾ ਜੀਵਨ ਸਫਰ ਬੰਦੂਕ ਚਲਾਉਣ (ਸਿਪਾਹੀ ਵਜੋਂ) ਤੋਂ ਕਲਮ ਚਲਾਉਣ ਵੱਲ ਵਧਿਆ ਸੀ।



ਉਸ ਤੋਂ ਬਾਅਦ ਕਾਫਲਾ ਸੰਚਾਲਕ ਰਛਪਾਲ ਕੌਰ ਗਿੱਲ ਨੇ ਲਾਇਲਪੁਰ ਖਾਲਸਾ ਕਾਲਜ ਫਾਰ ਵੋਮਿਨ (ਜਲੰਧਰ) ਦੇ ਰੀਟਾਇਰਡ ਪ੍ਰਿੰਸੀਪਲ ਨਵਜੋਤ ਕੌਰ ਨੂੰ ਜੀ ਆਇਆਂ ਆਖਦਿਆਂ ਹੋਇਆਂ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਸਤ ਅਲੋਚਨਾ ਦੀਆਂ ਕਿਤਾਬਾਂ, ਇੱਕ ਵਾਰਤਿਕ ਦੀ ਕਿਤਾਬ ਅਤੇ ਇੱਕ ਕਵਿਤਾ ਦੀ ਕਿਤਾਬ ਲਿਖੀ ਤੇ ਅੱਜਕਲ੍ਹ ਆਪਣੀ ਬੇਟੀ ਕੋਲ ਕੇਨੈਡਾ ਆਏ ਹੋਏ ਹਨ। ਡਾ. ਨਵਜੋਤ ਕੌਰ ਨੇ ਕਿਹਾ ਕਿ ਪਰਾਈ ਧਰਤੀ 'ਤੇ ਆ ਕੇ ਜੋ ਮਾਣ ਸਨਮਾਨ ਮਿਲਿਆ, ਉਸਦੀ ਮੈਨੂੰ ਬਹੁਤ ਖੁਸੀ ਹੋਈ ਹੈ। ਆਪਣੇ ਦੇਸ ਦੇ ਸਿਸਟਮ ਵਿੱਚ ਆਈਆਂ ਕਮਜੋਰੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੇ ਦੇਸ ਵਿੱਚ ਲਿਆਕਤ ਦੀ ਕਦਰ ਨਹੀਂ ਹੈ, ਨੌਜਵਾਨ ਪੀੜ੍ਹੀ 'ਚੋਂ ਸਹਿਜਤਾ ਗਵਾਚ ਗਈ ਹੈ ਤੇ ਉਸਦੀ ਥਾਂ ਕਾਹਲ ਤੇ ਭੇਡ-ਚਾਲ ਨੇ ਲੈ ਲਈ ਹੈ। ਉੱਚ ਸਿੱਖਿਆ 'ਤੇ ਕਾਰਪੋਰੇਟ ਨੇ ਕਬਜਾ ਕਰ ਲਿਆ ਹੈ। ਪੈਸੇ ਖਰਚ ਕੇ ਜਦੋਂ ਬੱਚੇ ਡਿਗਰੀਆਂ ਲੈ ਕੇ ਨਿਕਲਦੇ ਹਨ ਤਾਂ ਰੁਜਗਾਰ ਨਾ ਮਿਲਣ 'ਤੇ ਆਪਣੇ ਆਪ ਨੂੰ ਠੱਗੇ ਮਹਿਸੂਸ ਕਰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਬਾਹਰਲੇ ਦੇਸਾਂ ਵੱਲ ਜਾਣਾ ਪੈਂਦਾ ਹੈ। ਡਾ. ਨਵਜੋਤ ਕੌਰ ਨੇ ਆਪਣੀ ਕਿਤਾਬ ਚੋਂ ਆਪਣੀ ਧੀ ਨੂੰ ਲਿਖਿਆ ਖਤ "ਧੀ ਦੀ ਪਰਵਾਜ" ਸਾਂਝਾ ਕੀਤਾ ਅਤੇ ਆਪਣੀ ਇੱਕ ਕਵਿਤਾ ਵੀ ਸਾਂਝੀ ਕੀਤੀ।

ਸਮੀਲ ਨੇ ਸਿੱਖ ਫਲਸਫੇ ਨਾਲ ਆਪਣੇ ਸੰਬੰਧਤ ਕਾਵਿ ਸੰਗ੍ਰਹਿ "ਤੇਗ" ਬਾਰੇ ਗੱਲ ਕਰਦਿਆਂ ਦੱਸਿਆ ਕਿ ਉਸਨੇ ਇਹ ਕਾਵਿ ਸੰਗ੍ਰਹਿ ਗੁਰੂ ਗੋਬਿੰਦ ਸਿੰਘ ਦੇ ਫਲਸਫੇ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ, ਜਿੰਨ੍ਹਾਂ ਬਾਰੇ ਪੜ੍ਹਦਿਆਂ ਉਸ ਤੇ ਬਹੁਤ ਅਸਰ ਹੋਇਆ ਹੈ। ਇਹ ਤਿੰਨ ਸੋ ਸਫਿਆਂ ਦੀ ਕਿਤਾਬ ਹੈ। ਕਿਤਾਬ ਦੇ ਦੋ ਹਿੱਸੇ ਹਨ। ਪਹਿਲੇ ਹਿੱਸੇ ਵਿੱਚ ਆਦਰਸ ਮਨੁੱਖ, ਯੁੱਧ ਸਮਾਧੀ (ਭਗਤੀ ਤੇ ਸਕਤੀ ਰੂਪ) ਦੂਸਰੇ ਹਿੱਸੇ ਵਿੱਚ ਮਨੁੱਖ ਦੇ ਚਰਿੱਤਰ ਦੀ ਗੱਲ ਹੈ। ਸਮੀਲ ਨੇ "ਤੇਗ" ਕਾਵਿ ਸੰਗ੍ਰਹਿ ਦੀਆਂ ਕੁਝ ਕੁ ਕਵਿਤਾਵਾਂ ਸਾਂਝੀਆਂ ਕੀਤੀਆਂ, ਜੋ ਬਹੁਤ ਡੂੰਘੇ ਅਰਥ ਰੱਖਦੀਆਂ ਹਨ ਜਿਵੇਂ ਹਥਿਆਰ ਕੀ ਹੈ? ਸਕਤੀ ਦੇ ਰੂਪ ਵਿੱਚ ਵਰਤਿਆ ਜਾ ਸਕਦਾ, ਅੰਦਰਲੇ ਗੁਣ ਵੀ ਹੋ ਸਕਦਾ।

ਕੁਲਵਿੰਦਰ ਖਾਹਿਰਾ ਨੇ ਕਿਹਾ ਕਿ ਤਜੱਮੁਲ ਕਲੀਮ ਨੂੰ ਸਰਧਾਂਜਲੀ ਭੇਟ ਕਰਦਿਆਂ ਦੱਸਿਆ ਕਿ ਤਜੱਮੁਲ ਕਲੀਮ ਸਾਇਰੀ ਦੀ ਸ?ਿਲਪਕਾਰੀ ਨਹੀਂ ਸੀ ਕਰਦਾ ਸਗੋਂ ਸਾਇਰੀ ਜਿਉਂਦਾ ਸੀ। ਉਹ ਸਮੁੱਚੀ ਪੰਜਾਬੀ ਸਾਇਰੀ ਤੇ ਖਾਸ ਕਰਕੇ ਪਾਕਿਸਤਾਨੀ ਪੰਜਾਬੀ ਸਾਇਰੀ ਨੂੰ ਬਹੁਤ ਉਚਾਈ 'ਤੇ ਲੈ ਕੇ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਛੋਟੇ ਹੁੰਦਿਆਂ ਹੀ ਯਤੀਮ ਹੋ ਜਾਣ ਅਤੇ ਸਰੀਕੇਬਾਜੀ ਦਾ ਸ?ਿਕਾਰ ਹੋਣ ਦੇ ਬਾਵਜੂਦ ਕਲੀਮ ਦੀ ਸਾਇਰੀ ਵਿੱਚ ਕੁੜੱਤਣ ਨਹੀਂ ਕਲਾ ਦੀ ਭਰਮਾਰ ਰਹੀ ਤੇ ਉਸਨੇ ਹਮੇਸਾਂ ਕਲਾਤਮਕ ਤਰੀਕੇ ਨਾਲ ਪ੍ਰਗਤੀਵਾਦੀ ਸਾਇਰੀ ਰਚੀ।

ਉਂਕਾਰਪ੍ਰੀਤ ਨੇ ਨਰਿੰਜਨ ਸਿੰਘ ਨੂਰ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸਨੇ ਭੁਪਿੰਦਰ ਸਿੰਘ ਸੱਗੂ ਦੀ ਸੰਪਾਦਿਤ ਕੀਤੀ ਕਿਤਾਬ "ਨਰਿੰਜਨ ਸਿੰਘ ਨੂਰ ਸਿਮ੍ਰਤੀ ਗ੍ਰੰਥ" ਵਿੱਚੋਂ ਨਰਿੰਜਨ ਸਿੰਘ ਨੂਰ ਬਾਰੇ ਆਪਣਾ ਲਿਖਿਆ ਹੋਇਆ ਆਰਟੀਕਲ ਸਾਂਝਾ ਕੀਤਾ।

ਨਰਿੰਜਨ ਸਿੰਘ ਨੂਰ ਨੂੰ ਸਮਰਪਿਤ ਕਵੀ ਦਰਬਾਰ ਵਿੱਚ ਸਭ ਤੋਂ ਪਹਿਲਾਂ ਉਨ੍ਹਾਂ ਦੇ ਭਤੀਜੇ ਕਿਰਪਾਲ ਕੰਵਲ ਨੇ ਉਨ੍ਹਾਂ ਦੀ ਇੱਕ ਰਚਨਾ ਤਰੰਨਮ ਵਿੱਚ ਪੇਸ ਕੀਤੀ, ਉਸਤੋਂ ਬਾਅਦ ਭੁਪਿੰਦਰ ਦੂੱਲੇ, ਪ੍ਰੀਤਮ ਧੰਜਲ, ਕੁਲਵਿੰਦਰ ਖਹਿਰਾ, ਜਗੀਰ ਸਿੰਘ ਕਾਹਲੋਂ, ਪਰਵਿੰਦਰ ਗੋਗੀ, ਸੁਮੀਤ, ਉਂਕਾਰਪ੍ਰੀਤ ਤੇ ਸੁਖਚਰਨਜੀਤ ਗਿੱਲ ਨੇ ਆਪਣੀਆਂ ਕਵਿਤਾਵਾਂ ਪੇਸ ਕੀਤੀਆਂ।

ਇਸ ਤੋਂ ਇਲਾਵਾ ਜਰਨੈਲ ਸਿੰਘ ਕਹਾਣੀਕਾਰ, ਕ੍ਰਿਪਾਲ ਪੰਨੂ, ਡਾ. ਗੁਰਚਰਨ ਸਿੰਘ ਤੂਰ, ਭੁਪਿੰਦਰ ਕੌਰ, ਸੇਵਾ ਰਾਮ ਅੱਤਰੀ, ਹਰਜਿੰਦਰ ਸਿੰਘ, ਬਲਵਿੰਦਰ ਸਿੰਘ, ਮੋਹਣ ਸਿੰਘ, ਬਲਰਾਜ ਸਿੰਘ ਧਾਲੀਵਾਲ, ਰਿੰਟੂ ਭਾਟੀਆ, ਸਰਬਜੀਤ ਕਾਹਲੋਂ, ਐਸ. ਐਸ. ਗਿੱਲ, ਸਮਸੇਰ ਸਿੰਘ, ਪ੍ਰਤੀਕ ਸਿੰਘ, ਜਗਤਾਰ ਸਿੰਘ, ਨਵਨੀਤ ਔਸਨ, ਸਤਿੰਦਰਪਾਲ ਕੌਰ, ਜਸਪ੍ਰੀਤ ਵਲਟੋਹਾ, ਅਜੀਤ ਸਿੰਘ ਲਾਇਲ, ਪ੍ਰਮਜੀਤ ਕੌਰ ਦਿਓਲ, ਕੁਲਜੀਤ, ਸੂਸਮਾ ਰਾਣੀ, ਗੁਰਵਿੰਦਰ ਸਿੰਘ, ਬਲਜਿੰਦਰ ਦੂੱਲੇ, ਲਾਲ ਸਿੰਘ ਬੈਂਸ, ਅੰਮ੍ਰਿਤਪਾਲ ਸਿੰਘ ਢਿੱਲੋਂ, ਸੁੱਚਾ ਸਿੰਘ ਮਾਂਗਟ, ਗੁਰਪ੍ਰੀਤ ਬਟਾਲਵੀ, ਹਰਪਿੰਦਰ ਢਿੱਲੋਂ, ਗੁਰਕੀਰਤ ਸਿੰਘ, ਹਰਜਿੰਦਰਜੀਤ ਸਿੰਘ ਸਿੱਧੂ, ਪਰਮਿੰਦਰ ਕੌਰ, ਇੰਦਰਦੀਪ ਸਿੰਘ, ਰਣਜੀਤ ਸਿੰਘ, ਵਾਸੂਦੇਵ ਦੁਰਗਾ, ਹੀਰਾਲਾਲ ਅਗਨੀਹੋਤਰੀ ਅਤੇ ਪ੍ਰਭਜੋਤ ਰਾਠੌਰ ਨੇ ਵੀ ਮੀਟਿੰਗ ਵਿੱਚ ਹਾਜਰੀ ਲਵਾਈ। ਚਾਹ ਪਾਣੀ ਦੀ ਸੇਵਾ ਕ੍ਰਿਪਾਲ ਕੰਵਲ ਵੱਲੋਂ ਕੀਤੀ ਗਈ। ਅਖੀਰ ਤੇ ਰਛਪਾਲ ਕੌਰ ਗਿੱਲ ਨੇ ਸਭ ਦਾ ਕੀਤਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editor
Manohar Birdi
+44 7411 251 804
Managing Editor
Rajveer Samra
+44 7412 970 999
Editorial Office
Samaj Weekly
Samaj Media Enterprise Ltd
Suite 507, Hawthorns House
Halfords Lane, Smethwick,
Birmingham U.K.,B66 1BB
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬੈਂਗਲੁਰੂ ਭਗਦੜ ਮਾਮਲਾ; ਕਿੰਗ ਕੋਹਲੀ ਖਿਲਾਫ ਕਬਨ ਪਾਰਕ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਰਜ, ਹੋਵੇਗੀ ਜਾਂਚ

**ਨਵੀਂ ਦਿੱਲੀ :** ਬੈਂਗਲੁਰੂ ਦੇ ਐਮ. ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਰਾਇਲ ਚੈਲੇਂਜਰਜ ਬੰਗਲੌਰ ਦੀ ਪਹਿਲੀ ਆਈਪੀਐਲ ਜਿੱਤ ਦੇ ਜਸਨ ਦੌਰਾਨ ਭਗਦੜ ਵਿੱਚ 11 ਲੋਕਾਂ ਦੀ ਮੌਤ ਤੋਂ ਬਾਅਦ ਟੀਮ ਦੇ ਸਟਾਰ ਕ੍ਰਿਕਟਰ ਵਿਰਾਟ ਕੋਹਲੀ ਵਿਰੁੱਧ ਪੁਲਿਸ ਸ?ਿਕਾਇਤ ਦਰਜ ਕਰਵਾਈ ਗਈ ਹੈ। ਆਰਸੀਬੀ ਨੇ 17 ਸਾਲਾਂ ਬਾਅਦ ਆਪਣੀ ਪਹਿਲੀ ਆਈਪੀਐਲ ਟਰਾਫੀ ਜਿੱਤੀ ਅਤੇ ਇਸਦੇ ਲਈ ਇੱਕ ਸਾਨਦਾਰ ਜਸਨ ਦਾ ਆਯੋਜਨ ਕੀਤਾ ਗਿਆ। ਇਹ ਸਿਕਾਇਤ



ਨਾਇਜਾ ਹੋਰਾਟਗਾਰਾਰਾ ਵੇਦੀਕੇ ਦੇ ਪ੍ਰਤੀਨਿਧੀ ਏ.ਐਮ. ਵੈਂਕਟੇਸ਼ ਵਲੋਂ ਸ਼ੁੱਕਰਵਾਰ ਨੂੰ ਕਬਨ ਪਾਰਕ ਪੁਲਿਸ ਸਟੇਸਨ ਵਿੱਚ ਦਰਜ ਕਰਵਾਈ ਸੀ। ਪੁਲਿਸ ਨੇ ਸ?ਿਕਾਇਤ ਦਰਜ ਕਰ ਲਈ ਹੈ ਅਤੇ ਕਿਹਾ ਹੈ ਕਿ ਇਸਦੀ ਜਾਂਚ ਪਹਿਲਾਂ ਤੋਂ ਦਰਜ ਐਫਆਈਆਰ ਦੇ ਨਾਲ ਕੀਤੀ ਜਾਵੇਗੀ।

ਨਿਊਜ ਏਜੰਸੀ ਆਈਏਐਨਐਸ ਨੇ ਇਹ ਜਾਣਕਾਰੀ ਦਿੱਤੀ ਹੈ। ਆਰਸੀਬੀ ਨੇ 3 ਜੂਨ ਨੂੰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਪੰਜਾਬ ਕਿੰਗਜ ਨੂੰ ਹਰਾ ਕੇ ਪਹਿਲੀ ਵਾਰ ਆਈਪੀਐਲ ਖਿਤਾਬ ਜਿੱਤਿਆ।

# ਹਲਕੇ ਦੇ ਕਿਸੇ ਵੀ ਪਿੰਡ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ :-ਡਿਪਟੀ ਸਪੀਕਰ

**ਹੁਸ਼ਿਆਰਪੁਰ/ਗੜ੍ਹਸ਼ੰਕਰ (ਬਲਵੀਰ ਚੌਂਪੜਾ)** ਪਿੰਡ ਮੇਘੋਵਾਲ ਵਾਸੀਆਂ ਲਈ ਵੱਡੀ ਰਾਹਤ ਦੀ ਖ਼ਬਰ ਆਈ ਹੈ ਜਿੱਥੇ ਕਈ ਸਮੇਂ ਤੋਂ ਚੱਲ ਰਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਹੋ ਗਿਆ ਹੈ ਇਹ ਮੂਲਭੂਤ ਸੁਵਿਧਾ ਸਿੱਧਾ ਤੌਰ 'ਤੇ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਐਮ.ਐਲ.ਏ. ਗੜ੍ਹਸ਼ੰਕਰ ਹਲਕਾ ਸ. ਜੈ ਕ੍ਰਿਸ਼ਨ ਸਿੰਘ ਰੌੜੀ ਦੀ ਦਿੱਲਚਸਪੀ ਅਤੇ ਯਤਨਾਂ ਨਾਲ ਸੰਭਵ ਹੋਈ ਹੈ।

ਪਿੰਡ ਵਿੱਚ ਪਾਣੀ ਦੀ ਮੋਟਰ ਅਤੇ ਹੋਰ ਜ਼ਰੂਰੀ ਉਪਕਰਨ ਦੇ ਕੇ ਇਸ ਸਮੱਸਿਆ ਦਾ ਹੱਲ ਕੀਤਾ ਗਿਆ ਜਿਸ ਨਾਲ ਹੁਣ ਪਿੰਡ ਵਾਸੀਆਂ ਨੂੰ ਰੋਜ਼ਾਨਾ ਸਾਫ਼ ਅਤੇ ਪੀਣਯੋਗ ਪਾਣੀ ਉਪਲਬਧ ਹੋਵੇਗਾ

ਇਸ ਮੌਕੇ ਪਿੰਡ ਦੇ ਵਾਸੀਆਂ ਅਤੇ ਪੰਚਾਇਤ ਮੈਂਬਰਾਂ ਨੇ ਡਿਪਟੀ ਸਪੀਕਰ ਰੌੜੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ



ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਆਪਣੀ ਮੁੱਖ ਤਰਜੀਹ ਬਣਾਇਆ ਹੈ। ਰੌੜੀ ਨੇ ਕਿਹਾ ਮੈਨੂੰ ਪਿੰਡ ਮੇਘੋਵਾਲ ਵਾਸੀਆਂ ਦੀ ਸਮੱਸਿਆ ਦਾ ਪੂਰੀ ਸਮਝ ਸੀ ਅਤੇ ਇਹ ਮੇਰਾ ਫਰਜ਼ ਸੀ ਕਿ ਇਸ ਨੂੰ ਤੁਰੰਤ ਹੱਲ ਕਰਵਾਇਆ ਜਾਵੇ ਲੋਕਾਂ ਨੂੰ ਪੀਣ ਵਾਲਾ ਪਾਣੀ ਉਪਲਬਧ ਕਰਵਾਉਣਾ ਸਿਰਫ ਇੱਕ ਸਰਕਾਰੀ ਜ਼ਿੰਮੇਵਾਰੀ ਨਹੀਂ, ਸਗੋਂ ਇਹ ਮਨੁੱਖਤਾ ਦੀ ਸੇਵਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਲਕੇ ਦੇ ਹੋਰ ਪਿੰਡਾਂ ਵਿੱਚ ਜਿੱਥੇ ਵੀ ਅਜਿਹੀਆਂ ਮੁਸ਼ਕਲਾਂ ਹਨ, ਉਨ੍ਹਾਂ ਦਾ ਵੀ ਤੁਰੰਤ ਹੱਲ ਕਰਵਾਇਆ ਜਾਵੇਗਾ ਤਾਂ ਜੋ ਲੋਕਾਂ ਨੂੰ ਮੂੱਲਭੂਤ ਸਹੂਲਤਾਂ ਮਿਲ ਸਕਣ ਇਸ ਦੌਰਾਨ ਡਿਪਟੀ ਸਪੀਕਰ ਰੋੜੀ ਤੋਂ ਇਲਾਵਾ ਪਿੰਡ ਮੇਘੋਵਾਲ ਦੀ ਸਰਪੰਚ ਪਰਮਿੰਦਰ ਕੌਰ, ਪੰਚ ਪਰਮਿੰਦਰ ਸਿੰਘ, ਕੁਲਦੀਪ ਸਿੰਘ, ਸਾਜਨ ਸਿੰਘ, ਰਜਨੀ ਬਾਲਾ, ਰਣਜੀਤ ਕੌਰ ,ਬਲਵਿੰਦਰ ਸਿੰਘ ਅਤੇ ਮਨਜੀਤ ਕੌਰ ਸ਼ਾਮਿਲ ਸਨ।

## ਆਧੁਨਿਕ ਮਸ਼ੀਨਾਂ ਦੀ ਖਰੀਦ ਵਾਇਸ ਚਾਂਸਲਰ ਡਾ. ਸੂਦ ਦੀ ਦੂਰ ਅੰਦੇਸ਼ੀ ਦਾ ਸਬੂਤ : ਢੋਸੀਵਾਲ

**ਸ੍ਰੀ ਮੁਕਤਸਰ ਸਾਹਿਬ :** ਮਾਲਵਾ ਖੇਤਰ ਦੀ ਇਕੋ ਇਕ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਮੌਜੂਦਾ ਵਾਇਸ ਚਾਂਸਲਰ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਯੂਰੋਲੋਜਿਸਟ ਡਾ. ਰਾਜੀਵ ਸੂਦ ਨੇ ਆਪਣਾ ਅਹੁਦਾ ਸੰਭਾਲਦਿਆਂ ਹੀ ਯੂਨੀਵਰਸਿਟੀ ਦੇ ਕੰਮ ਕਾਰਜ ਵਿੱਚ ਸੁਧਾਰ ਲਿਆਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ ਨਿਰਧਾਰਤ ਸੇਵਾ ਸ਼ਰਤਾਂ ਪੂਰੀਆਂ ਕਰਨ ਵਾਲੇ ਯੋਗ ਕਰਮਚਾਰੀਆਂ ਦੀ ਪ੍ਰਮੋਸ਼ਨਾਂ ਅਤੇ ਵੱਖ ਵੱਖ ਵਿਭਾਗਾਂ ਵਿੱਚ ਨਵੀਆਂ ਨਿਯੁਕਤੀਆਂ ਕਰਕੇ ਡਾ. ਸੂਦ ਨੇ ਇਤਿਹਾਸਕ ਕੰਮ ਕੀਤਾ ਹੈ ਐਨਾ ਹੀ ਨਹੀਂ ਡਾ. ਸੂਦ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਯੂਨੀਵਰਸਿਟੀ ਨੂੰ ਪਲਾਸਟਿਕ ਅਤੇ ਪ੍ਰਦੂਸ਼ਣ ਮੁਕਤ ਕਰਾਇਆ ਗਿਆ ਹੈ ਅੰਤਰ ਰਾਸ਼ਟਰੀ ਪੱਧਰ 'ਤੇ ਯੂਨੀਵਰਸਿਟੀ ਨੂੰ ਗਰੀਨ ਯੂਨੀਵਰਸਿਟੀ ਦਾ ਖਿਤਾਬ ਵੀ ਮਿਲ ਚੁੱਕਾ ਹੈ ਕੋਈ ਵੀ ਕਰਮਚਾਰੀ/ਅਧਿਕਾਰੀ ਜਾਂ ਆਮ ਵਿਅਕਤੀ ਵਾਇਸ ਚਾਂਸਲਰ ਡਾ. ਸੂਦ ਨੂੰ ਬੇਝਿਜਕ ਹੋ ਕੇ ਦਫਤਰੀ ਸਮੇਂ ਵਿਚ ਉਨ੍ਹਾਂ ਨੂੰ ਮਿਲ ਸਕਦਾ ਹੈ ਦਫਤਰੀ ਅਤੇ ਪ੍ਰਬੰਧਕੀ ਕਾਰਜ ਕੁਸ਼ਲਤਾ ਲਈ ਡਾ. ਸੂਦ ਦੇ ਕਾਰਜਕਾਲ ਨੂੰ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਟ ਟਰੱਸਟ) ਦੇ ਸੰਸਥਾਪਕ ਚੇਅਰਮੈਨ ਅਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਅੱਜ ਇਥੇ ਮੰਚ ਦੇ ਮੁੱਖ ਦਫਤਰ ਤੋਂ ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਵਾਇਸ ਚਾਂਸਲਰ ਡਾ. ਰਾਜੀਵ ਸੂਦ ਨੂੰ ਵਧਾਈ ਦਿੱਤੀ ਹੈ ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿਖੇ ਐਮ.ਆਰ.ਆਈ. ਸਮੇਤ ਹੋਰ ਉੱਚ ਤਕਨੀਕੀ ਮਸ਼ੀਨਾਂ ਖਰੀਦੀਆਂ ਗਈਆਂ ਹਨ ਅਜਿਹੀਆਂ ਮਸ਼ੀਨਾਂ ਪੰਜਾਬ ਦੇ ਹੋਰ ਕਿਸੇ ਵੀ ਹਸਪਤਾਲ ਵਿੱਚ ਨਹੀਂ ਹਨ ਇਹ ਮਸ਼ੀਨਾਂ ਮਰੀਜਾਂ ਲਈ ਬੇਹੱਦ ਲਾਭਦਾਇਕ ਅਤੇ ਜਾਨ ਬਚਾਊ ਹਨ ।



ਪ੍ਰਧਾਨ ਢੋਸੀਵਾਲ ਨੇ ਇਨ੍ਹਾਂ ਮਸ਼ੀਨਾਂ ਦੀ ਖਰੀਦ ਨੂੰ ਵੀ.ਸੀ. ਦੀ ਮਰੀਜਾਂ ਪ੍ਰਤੀ ਹਮਦਰਦੀ ਵਾਲੀ ਗੰਭੀਰ ਸੋਚ ਦੂਰ ਅੰਦੇਸ਼ੀ ਦਾ ਸਬੂਤ ਦੱਸਿਆ ਹੈ ਢੋਸੀਵਾਲ ਨੇ ਅੱਗੇ ਇਹ ਵੀ ਕਿਹਾ ਹੈ ਕਿ ਡਾ. ਸੂਦ ਨੇ ਹਸਪਤਾਲ ਦੇ ਮਰੀਜਾਂ ਲਈ ਹੋਰ ਵੀ ਪ੍ਰਸ਼ੰਸਾ ਯੋਗ ਅਤੇ ਜੀਵਨ ਵਰਧਕ ਕਾਰਜ ਕੀਤੇ ਹਨ ਉਨ੍ਹਾਂ ਅੱਗੇ ਕਿਹਾ ਹੈ ਕਿ ਯੂਨੀਵਰਸਿਟੀ ਵਿੱਚ ਕੀਤੇ ਪ੍ਰਬੰਧਕੀ ਅਤੇ ਪ੍ਰਸ਼ਾਸਨਿਕ ਸੁਧਾਰਾ ਅਤੇ ਉਕਤ ਹਸਪਤਾਲ ਦੀ ਹਾਲਤ ਵਿੱਚ ਬੇਮਿਸਲ ਸੁਧਾਰ ਕਰਨ ਲਈ ਏਕਤਾ ਭਲਾਈ ਮੰਚ ਦਾ ਇੱਕ ਵਫਦ ਜਲਦੀ ਹੀ ਡਾ. ਸੂਦ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਧਾਈ ਦੇਵੇਗਾ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 'ਹਰ ਮਨੁੱਖ ਲਗਾਵੇ ਇੱਕ ਰੁੱਖ' ਮੁਹਿੰਮ ਤਹਿਤ ਰੁੱਖ ਲਗਾਉਣ ਦੀ ਸ਼ੁਰੂਆਤ

### ਪਿੰਡ ਕੋਟ ਰਾਂਝਾ ਵਿਖੇ ਵਿਸ਼ਵ ਵਾਤਾਵਰਣ ਦਿਵਸ ਮੌਕੇ ਲਗਾਏ ਗਏ 24 ਪੌਦੇ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)** - ਵਿਸ਼ਵ ਵਾਤਾਵਰਣ ਦਿਵਸ ਦੇ ਮੌਕੇ ਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮਤੀ ਪ੍ਰੀਆ ਸੂਦ ਜੀ ਦੇ ਹੁਕਮਾਂ ਅਤੇ ਮਾਨਯੋਗ ਚੀਫ਼ ਜੁਡੀਸ਼ਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ ਅਮਨਦੀਪ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ 'ਹਰ ਮਨੁੱਖ ਲਗਾਵੇ ਇਕ ਰੁੱਖ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ਇਹ ਜਾਣਕਾਰੀ ਦਿੰਦਿਆਂ ਅਥਾਰਟੀ ਦੇ ਪੀ.ਐੱਲ. ਵੀ. ਸਟੇਟ ਐਵਾਰਡੀ ਬਲਦੇਵ ਭਾਰਤੀ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਪਿੰਡ ਕੋਟ ਰਾਂਝਾ ਵਿਖੇ ਵੱਖ ਵੱਖ ਕਿਸਮਾਂ ਦੇ 24 ਪੌਦੇ ਲਗਾਏ ਗਏ ਹਨ ਉਨ੍ਹਾਂ ਦੱਸਿਆ ਕਿ ਅਥਾਰਟੀ ਦੇ ਸਮੁੱਚੇ ਪੈਰਾ ਲੀਗਲ ਵਲੰਟੀਅਰਾਂ ਵੱਲੋਂ ਜ਼ਿਲ੍ਹੇ ਭਰ ਵਿੱਚ ਇਸ ਮੁਹਿੰਮ ਤਹਿਤ ਰੁੱਖ ਲਗਾਏ ਜਾ ਰਹੇ ਹਨ ਇੱਥੇ ਇਹ ਵੀ ਵਰਨਣਯੋਗ ਹੈ ਕਿ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ ਭ ਸ ਨਗਰ ਵਲੋਂ



ਪਿਛਲੇ ਕਰੀਬ 6 ਸਾਲ ਪਹਿਲਾਂ ਲੀਗਲ ਏਡ ਕਲੀਨਿਕ ਪਿੰਡ ਕੋਟ ਰਾਂਝਾ ਦੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਦੀ ਰਹਿਨੁਮਾਈ ਹੇਠ ਸ਼ਮਸ਼ਾਨ ਭੂਮੀ ਵਿੱਚ 'ਰੁੱਖ ਲਗਾਓ-ਮਨੁੱਖ ਬਚਾਓ' ਮੁਹਿੰਮ ਤਹਿਤ 500 ਤੋਂ ਵੱਧ ਰੁੱਖਾਂ ਦਾ ਇਕ ਜੰਗਲ ਪੈਦਾ ਕਰਨ ਦਾ ਕਾਮਯਾਬ ਉਪਰਾਲਾ ਕੀਤਾ ਗਿਆ ਸੀ ਇਸ ਜੰਗਲ ਦੀ ਸਾਂਭ ਸੰਭਾਲ ਲਈ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਵਲੰਟੀਅਰਾਂ ਵਲੋਂ ਲਗਾਤਾਰ ਨਿਸ਼ਕਾਮ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਇਸ ਮੌਕੇ ਤੇ ਪੀ ਐੱਲ ਵੀ ਸਿਮਰਨਜੋਤ ਕੌਰ, ਪੀ ਐੱਲ ਵੀ ਜਰਨੈਲ ਸਿੰਘ ਖੁਰਦ ਸ੍ਰੀ ਰਾਮ ਪ੍ਰਕਾਸ਼ ਨਿਗਾਹ ਨੰਬਰਦਾਰ, ਸਮਾਜ ਸੇਵਕ ਮਨਿੰਦਰ ਸਿੰਘ ਬਾਜਵਾ, ਹਰਜਿੰਦਰ ਸਿੰਘ ਬਾਜਵਾ, ਕ੍ਰਿਸ਼ਨ ਲਾਲ ਅਤੇ ਹਰਸ਼ਦੀਪ ਉਆਣ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ।

## ਮਾਨ ਸਰਕਾਰ ਦੀ ਪੰਜਾਬ ਦੁਕਾਨ ਤੇ ਵਪਾਰਕ ਅਦਾਰੇ ਸੋਧ ਕਾਮਿਆਂ ਦੇ ਵਿਰੋਧੀ ਕਰਾਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** - ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਨੇ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੁਕਾਨ ਤੇ ਵਪਾਰਕ ਅਦਾਰੇ ਐਕਟ ਵਿਚ ਕੀਤੀ ਗਈ ਸੋਧ ਨੂੰ ਕਿਰਤੀਆਂ ਦੇ ਹਿੱਤਾਂ ਦੇ ਵਿਰੋਧੀ ਦੱਸਿਆ ਹੈ ਇਫਟੂ ਦੇ ਸੂਬਾ ਪ੍ਰਧਾਨ ਅਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਕਿਹਾ ਹੈ ਕਿ ਇਸ ਤਰ੍ਹਾਂ ਮਾਨ ਸਰਕਾਰ ਲੁਕਵੇ ਢੰਗ ਨਾਲ਼ ਕੇਂਦਰ ਦੀ ਮੋਦੀ ਸਰਕਾਰ ਦੇ ਕਿਰਤੀ ਵਿਰੋਧੀ ਚਾਰ ਕਿਰਤ ਕੋਡਾਂ ਨੂੰ ਲੁਕਵੇਂ ਢੰਗ ਨਾਲ਼ ਲਾਗੂ ਕਰ ਰਹੀ ਹੈ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਵਿਚ ਪਹਿਲਾਂ ਹੀ ਕਿਰਤੀਆਂ ਕੋਲੋਂ 8 ਘੰਟੇ ਦੀ ਥਾਂ 10 ਘੰਟੇ ਕੰਮ ਲਿਆ ਜਾਂਦਾ ਸੀ ਪਰ ਮਾਨ ਸਰਕਾਰ ਨੇ ਉਹਨਾਂ ਦੇ ਦਿਹਾੜੀ ਦੇ ਕੰਮ ਦੇ 12 ਘੰਟੇ ਕਰਕੇ ਮਾਨ ਸਰਕਾਰ ਨੇ ਆਪਣਾ ਮਜਦੂਰ ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ।



# ਜਸਵੰਤ ਸਿੰਘ ਕੋਟੜਾ ਨੇ ਯਾਦ ਕੀਤੇ ਢੀਂਡਸਾ ਸਾਹਿਬ ਨਾਲ ਨਿੱਜੀ ਤੇ ਗੂੜ੍ਹੇ ਸਬੰਧ

**ਮਾਨਸਾ** : ਪੰਜਾਬ ਦੀ ਰਾਜਨੀਤੀ ਦੇ ਇੱਕ ਮਹਾਨ ਥੰਮ੍ਹ ਅਤੇ ਸਾਬਕਾ ਕੇਂਦਰੀ ਮੰਤਰੀ, ਸਰਦਾਰ ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ‘ਤੇ ਸ਼ਰਧਾਂਜਲੀ ਭੇਟ ਕਰਦਿਆਂ, ਸਥਾਨਕ ਆਗੂ ਜਸਵੰਤ ਸਿੰਘ ਕੋਟੜਾ ਨੇ ਉਨ੍ਹਾਂ ਨਾਲ ਆਪਣੇ ਨਿੱਜੀ ਅਤੇ ਡੂੰਘੇ ਸਬੰਧਾਂ ਨੂੰ ਯਾਦ ਕੀਤਾ ਕਨੇਡਾ ਤੋਂ ਵਾਪਸ ਪਰਤਣ ਉਪਰੰਤ ਢੀਂਡਸਾ ਪਰੀਵਾਰ ਨਾਲ ਦੁੱਖ ਸਾਂਝਾ ਕਰਨ ਤੋਂ ਬਾਅਦ, ਕੋਟੜਾ ਨੇ ਭਾਵੁਕ ਸ਼ਬਦਾਂ ਵਿੱਚ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ





ਜਸਵੰਤ ਸਿੰਘ ਕੋਟੜਾ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਨਾਲ ਉਨ੍ਹਾਂ ਦਾ ਰਿਸ਼ਤਾ ਸਿਰਫ਼ ਇੱਕ ਪਾਰਟੀ ਵਰਕਰ ਅਤੇ ਆਗੂ ਦਾ ਨਹੀਂ ਸੀ, ਬਲਕਿ ਇਹ ਉਸ ਤੋਂ ਕਿਤੇ ਵੱਧ ਕੇ ਇੱਕ ਗੂੜ੍ਹਾ ਅਤੇ ਪਰਿਵਾਰਕ ਸਬੰਧ ਸੀ ਕੋਟੜਾ ਨੇ ਢੀਂਡਸਾ ਸਾਹਿਬ ਨੂੰ ਆਪਣੀ ਜ਼ਿੰਦਗੀ ਵਿੱਚ ਹਮੇਸ਼ਾ ਇੱਕ ਸਿਧਾਂਤਕ ਰਾਜਨੀਤੀ ਦੇ ਪੁਜਾਰੀ ਵਜੋਂ ਦੇਖਿਆ ਉਨ੍ਹਾਂ ਨੇ ਜ਼ੋਰ ਦਿੱਤਾ ਕਿ ਢੀਂਡਸਾ ਸਾਹਿਬ ਨੇ ਕਦੇ ਵੀ ਆਪਣੇ ਨਿੱਜੀ ਲਾਭ ਲਈ ਪੰਥ ਜਾਂ ਪੰਜਾਬ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕੀਤਾ ਉਨ੍ਹਾਂ ਦੀ ਇਹ ਦ੍ਰਿੜ੍ਹਤਾ ਅਤੇ ਵੱਡੇ ਤੋਂ ਵੱਡੇ ਦਬਾਅ ਹੇਠ ਵੀ ਆਪਣੇ ਫੈਸਲਿਆਂ ‘ਤੇ ਅਡੋਲ ਰਹਿਣ ਦੀ ਉਨ੍ਹਾਂ ਦੀ ਖਾਸੀਅਤ ਨੇ ਕੋਟੜਾ ਨੂੰ ਹਮੇਸ਼ਾ ਪ੍ਰੇਰਿਤ ਕੀਤਾ।

ਕੋਟੜਾ ਨੇ ਦੱਸਿਆ ਕਿ ਢੀਂਡਸਾ ਸਾਹਿਬ ਦੇ ਨਾਲ ਉਨ੍ਹਾਂ ਦਾ ਸਾਥ ਵਿਦਿਆਰਥੀ ਜੀਵਨ ਤੋਂ ਰਿਹਾ ਹੈ ਅਤੇ ਸਿਆਸੀ ਪਿੜ ਵਿੱਚ ਢੀਂਡਸਾ ਸਾਹਿਬ ਨੇ ਉਨ੍ਹਾਂ ਨੂੰ ਇੱਕ ਛੋਟੇ ਭਰਾ ਵਾਂਗ ਸੰਭਾਲਿਆ ਜਦੋਂ ਵੀ ਕੋਈ ਸਿਆਸੀ ਜਾਂ ਨਿੱਜੀ ਮੁਸ਼ਕਲ ਪੇਸ਼ ਆਉਂਦੀ ਸੀ, ਤਾਂ ਉਹ ਬਿਨਾਂ ਝਿਜਕ ਉਨ੍ਹਾਂ ਦੀ ਸਲਾਹ ਲੈਂਦੇ ਸਨ ਢੀਂਡਸਾ ਸਾਹਿਬ ਦਾ ਤਜਰਬਾ ਅਤੇ ਸੂਝ-ਬੂਝ ਕੋਟੜਾ ਲਈ ਹਮੇਸ਼ਾ ਇੱਕ ਰੌਸ਼ਨੀ ਦਾ ਕੰਮ ਕਰਦੀ ਸੀ ਉਨ੍ਹਾਂ ਨੇ ਨਾ ਸਿਰਫ਼ ਸਿਆਸੀ ਫੈਸਲਿਆਂ ਵਿੱਚ ਮਾਰਗਦਰਸ਼ਨ ਕੀਤਾ, ਬਲਕਿ ਨਿੱਜੀ ਜ਼ਿੰਦਗੀ ਦੀਆਂ ਚੁਣੌਤੀਆਂ ਵਿੱਚ ਵੀ ਸਾਥ ਦਿੱਤਾ ਢੀਂਡਸਾ ਸਾਹਿਬ ਦੀ ਇੱਕ ਹੋਰ ਖਾਸੀਅਤ ਉਨ੍ਹਾਂ ਦੀ ਸਾਦਗੀ ਅਤੇ ਮਿਲਣਸਾਰ ਸੁਭਾਅ ਸੀ ਕੋਟੜਾ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਜਾਣਾ ਕਦੇ ਵੀ ਕਿਸੇ ਵੱਡੇ ਆਗੂ ਦੇ ਘਰ ਜਾਣਾ ਨਹੀਂ ਲੱਗਦਾ ਸੀ, ਬਲਕਿ ਉਹ ਹਮੇਸ਼ਾ ਇੱਕ ਪਰਿਵਾਰਕ ਮੈਂਬਰ ਵਾਂਗ ਹੀ ਮਿਲਦੇ ਸਨ ਢੀਂਡਸਾ ਸਾਹਿਬ ਦੇ ਪੂਰੇ ਪਰਿਵਾਰ ਨਾਲ ਕੋਟੜਾ ਦੇ ਬਹੁਤ ਚੰਗੇ ਸਬੰਧ ਰਹੇ ਹਨ ਅਤੇ ਉਹ ਅਕਸਰ ਪਰਿਵਾਰਕ ਸਮਾਗਮਾਂ ਵਿੱਚ ਇਕੱਠੇ ਹੁੰਦੇ ਸਨ। ਜਸਵੰਤ ਸਿੰਘ ਕੋਟੜਾ ਨੇ ਭਾਵੁਕ ਹੁੰਦਿਆਂ ਕਿਹਾ ਕਿ ਢੀਂਡਸਾ ਸਾਹਿਬ ਦੇ ਚਲੇ ਜਾਣ ਨਾਲ ਪੰਜਾਬ ਦੀ ਸਿਆਸਤ ਵਿੱਚ ਇੱਕ ਖਲਾਅ ਪੈਦਾ ਹੋ ਗਿਆ ਹੈ ਉਨ੍ਹਾਂ ਦੀ ਵਿਰਾਸਤ - ਸਿਧਾਂਤਾਂ ਪ੍ਰਤੀ ਵਚਨਬੱਧਤਾ, ਸਾਦਗੀ, ਅਤੇ ਪੰਜਾਬ ਪ੍ਰਤੀ ਸਮਰਪਣ - ਹਮੇਸ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ ਉਨ੍ਹਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਢੀਂਡਸਾ ਸਾਹਿਬ ਦੀ ਆਤਮਾ ਨੂੰ ਸ਼ਾਂਤੀ ਬਖਸ਼ਣ।

# ਕਾਮਰੇਡ ਅਮੋਲਕ ਸਿੰਘ ਤੇ ਉਸ ਦੇ ਸਾਥੀਆਂ ਬਰਸੀ ਤੇ ਕਰਾਂਗੇ

## ਭਾਰੀ ਇਕੱਠ:- ਬਲਕਾਰ ਸਿੰਘ ਸਹੋਤਾ

**ਫ਼ਰੀਦਕੋਟ** : ਸ਼ਹੀਦ ਕਾਮਰੇਡ ਅਮੋਲਕ ਸਿੰਘ ਜੀ ਦੀ 34 ਬਰਸੀ ਦੀ ਤਿਆਰੀ ਕਰਦੇ ਹੋਏ ਨਰੇਗਾ ਮਜ਼ਦੂਰਾ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਪ੍ਰਧਾਨਗੀ ਹੇਠ , ਮੀਟਿੰਗ ਕੀਤੀ ਗਈ , ਮੀਟਿੰਗ ਵਿੱਚ ਪਿੰਡ ਸਿਮਰੇ ਵਾਲਾ ,ਢਿਲਵਾਂ, ਝੋਟੀ ਵਾਲਾ ਦੇ ਮਜ਼ਦੂਰਾਂ ਨੇ ਭਾਗ ਲਿਆ ਅਤੇ ਵਿਚਾਰ ਵਟਾਂਦਰਾ ਕੀਤਾ ਕਿ ਸ਼ਹੀਦ ਅਮੋਲਕ ਸਿੰਘ ਜੀ ਦੀ ਬਰਸੀ ਧੂਮ ਧਾਮ ਨਾਲ ਮਨਾਈ ਜਾਵੇਗੀ ਅਤੇ ਨਾਲ ਹੀ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ, ਮਜ਼ਦੂਰਾਂ ਨੇ ਦੱਸਿਆ ਕਿ ਪਿਛਲੇ ਤਿੰਨ ਤਿੰਨ ਮਹੀਨੇ ਤੋਂ ਉਹਨਾਂ ਦੀ ਪੇਮੈਂਟ ਖਾਤਿਆਂ ਵਿੱਚ ਨਹੀਂ ਪਈ, ਜੋ ਕਿ ਕੇਂਦਰ ਅਤੇ ਪੰਜਾਬ ਸਰਕਾਰ ਨਰੇਗਾ ਮਜ਼ਦੂਰਾਂ ਨਾਲ ਬੇਇਨਸਾਫੀ ਕਰ ਰਹੀ ਹੈ ਮਜ਼ਦੂਰਾਂ ਨੇ ਇਹ ਵੀ ਦੱਸਿਆ ਕਿ ਸਾਡੇ ਘਰਾਂ ਦੇ ਚੁੱਲੇ ਠੰਡੇ ਪਏ ਹਨ ਮਜ਼ਦੂਰਾਂ ਵੱਲੋਂ ਦੱਸਿਆ ਗਿਆ ਕਿ ਅਸੀਂ ਦੁੱਧ ਦਾ ਬਿੱਲ ਨਹੀਂ ਦੇ ਸਕੇ ਘਰ ਦਾ ਰਾਸ਼ਨ ਕਿਵੇਂ ਲਿਆਈਏ ਇੱਥੇ ਦੱਸਣ ਯੋਗ ਇਹ ਵੀ ਗੱਲ ਹੈ ਬਜ਼ੁਰਗ ਮਾਤਾ ਨੇ ਦੱਸਿਆ ਕੀ ਅਸੀਂ ਆਪਣੀ ਦਵਾਈ ਲੈਣ ਤੋ ਵੀ ਤੰਗ ਹਾ ਸਾਡੀ ਕੋਈ ਸਾਰ ਨਹੀਂ ਲੈ ਰਿਹਾ ਆਮ ਪਾਰਟੀ ਦੇ ਸਰਪੰਚ ਵੀ ਮਨਰੇਗਾ ਮਜ਼ਦੂਰਾਂ ਨਾਲ ਧੱਕਾ ਕਰ ਰਹੇ ਹਨ

ਯੂਨੀਅਨ ਦੀ ਨੁਮਾਇੰਦਗੀ ਕਰ ਰਹੇ ‘ਬਲਕਾਰ ਸਿੰਘ ਸਹੋਤਾ’ ਨੇ , ਇਹਨਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ ਅਤੇ ਮਨਰੇਗਾ ਮਜ਼ਦੂਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਸ਼ਹੀਦ ਅਮੋਲਕ ਸਿੰਘ ਜੀ ਦੀ ਬਰਸ਼ੀ ਤੋਂ ਬਾਅਦ ਵੱਡਾ ਇਕੱਠ ਕਰਕੇ ਮਨਰੇਗਾ ਮਜ਼ਦੂਰਾਂ ਦੇ ਸੰਬੰਧਿਤ ਵਿਭਾਗ ਦੇ ਖਿਲਾਫ ਭਰਾਤਰੀ ਜੱਥੇਬੰਦੀਆ ਨਾਲ ਮਿਲ ਧਰਨਾ ਪ੍ਰਦਰਸ਼ਨ ਕਰ,ਓਨਾਂ ਹੱਕਾਂ ਤੇ ਪਹਿਰਾ ਦਿੱਤਾ ਜਾਵੇਗਾ।





# ਪਿੰਡ ਪੋਸੀ, ਗੱਦੀਵਾਲ, ਕਾਣੇਵਾਲ ਅਤੇ ਸੈਲਾ ਵਿੱਚ ਡਿਪਟੀ ਸਪੀਕਰ ਰੌੜੀ ਵੱਲੋਂ ਸੌਂਪੇ ਗਏ ਸੋਲਰ ਸਿਸਟਮ

**ਹੁਸ਼ਿਆਰਪੁਰ/ਗੜ੍ਹਸ਼ੰਕਰ (ਬਲਵੀਰ, ਚੌਪੜਾ)** - ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਹਲਕੇ ਤੋਂ ਐਮ.ਐਲ.ਏ. ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਵੱਲੋਂ ਹਲਕੇ ਵਿੱਚ ਸਥਾਈ ਵਿਕਾਸ ਅਤੇ ਵਾਤਾਵਰਣ-ਅਨੁਕੂਲ ਤਕਨੀਕਾਂ ਦੀ ਪਹੁੰਚ ਨਿਸ਼ਚਿਤ ਕਰਨ ਲਈ ਇਕ ਹੋਰ ਠੋਸ ਕਦਮ ਚੁੱਕਿਆ ਗਿਆ ਹੈ ਪਿੰਡ ਪੋਸੀ, ਗੱਦੀਵਾਲ, ਕਾਣੇਵਾਲ ਅਤੇ ਸੈਲਾ ਨੂੰ ਨਵੇਂ ਸੋਲਰ ਸਿਸਟਮ ਦਿੱਤੇ ਗਏ ਹਨ, ਜੋ ਕਿ ਪਿੰਡ ਦੀਆਂ ਗਰਾਮ ਪੰਚਾਇਤਾਂ, ਸਰਵਜਨਿਕ ਥਾਵਾਂ ਅਤੇ ਸਮਾਜਕ ਸੇਵਾਵਾਂ ਲਈ ਵਰਤੇ ਜਾਣਗੇ।

ਇਸ ਮੌਕੇ ਪਿੰਡ ਵਾਸੀਆਂ ਅਤੇ ਪੰਚਾਇਤੀ ਨੁਮਾਇੰਦਿਆਂ ਵੱਲੋਂ ਡਿਪਟੀ ਸਪੀਕਰ ਰੌੜੀ ਦਾ ਖ਼ਾਸ ਤੌਰ ‘ਤੇ ਧੰਨਵਾਦ ਕੀਤਾ ਗਿਆ ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਿਰਫ ਬਿਜਲੀ ਦਾ ਸਸਤਾ ਵਿਕਲਪ ਨਹੀਂ, ਸਗੋਂ ਪਿੰਡਾਂ ਦੇ ਆਤਮਨਿਰਭਰ ਬਣਨ ਵੱਲ ਇੱਕ ਬੜਾ ਕਦਮ ਹੈ ਇਨ੍ਹਾਂ ਯਤਨਾਂ ਰਾਹੀਂ ਨਾਂ ਸਿਰਫ ਆਧੁਨਿਕ ਢਾਂਚਾ ਤਿਆਰ ਹੋ ਰਿਹਾ ਹੈ, ਸਗੋਂ ਬਿਜਲੀ ਬਚਤ ਅਤੇ ਵਾਤਾਵਰਣ ਸੰਰਕਸ਼ਣ ਦੀ ਲਹਿਰ ਨੂੰ ਵੀ ਵਾਧਾ ਮਿਲ ਰਿਹਾ ਹੈ ਰੌੜੀ ਨੇ ਇਸ ਮੌਕੇ ਕਿਹਾ, ਸਾਡਾ ਮਕਸਦ ਹਮੇਸ਼ਾ ਹਲਕੇ ਦੀ ਲੋਕ ਭਲਾਈ ਅਤੇ ਲੰਬੇ ਸਮੇਂ ਵਾਲੀ ਤਰੱਕੀ ਨੂੰ ਯਕੀਨੀ ਬਣਾਉਣਾ ਹੈ ਇਹ ਸੋਲਰ ਪ੍ਰੋਜੈਕਟ ਪਿੰਡਾਂ ਨੂੰ ਆਤਮਨਿਰਭਰ ਅਤੇ ਤਕਨੀਕੀ ਤੌਰ ‘ਤੇ ਮਜ਼ਬੂਤ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਹੈ।

ਪਿੰਡਾਂ ਦੀ ਪੰਚਾਇਤਾਂ ਵੱਲੋਂ ਡਿਪਟੀ ਸਪੀਕਰ ਰੌੜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਿਪਟੀ ਸਪੀਕਰ ਰੋੜੀ ਵੱਲੋਂ ਹਮੇਸ਼ਾ ਹੀ ਹਲਕੇ ਦੀ ਭਲਾਈ ਲਈ ਪਹਿਲ ਕੀਤੀ ਗਈ ਹੈ ਅਤੇ ਉਹ ਹਮੇਸ਼ਾ ਪਿੰਡ ਵਾਸੀਆਂ ਦੀਆਂ ਉਮੀਦਾਂ ‘ਤੇ ਖਰੇ ਉਤਰੇ ਹਨ।

# ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕਰਾਉਣ ਤੇ ਨੀਲੇ ਕਾਰਡ ਕੱਟਣ ਵਿਰੁੱਧ ਸੰਘਰਸ਼ ਤੇਜ ਕਰਨ ਦਾ ਐਲਾਨ



**ਜਲੰਧਰ (ਹਰਜਿੰਦਰ ਸਿੰਘ ਚੰਦੀ)**-ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਹੋਈ ਮੀਟਿੰਗ ਉਪਰੰਤ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਵਿਚ ਮਜ਼ਦੂਰ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਪੁਲਿਸ ਤਾਕਤ ਨਾਲ ਅਵਾਮੀ ਜਥੇਬੰਦੀਆਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ , ਲੋਕ ਸੰਘਰਸ਼ਾਂ ਨੂੰ ਕੁਚਲਣ ਦੀ ਨੀਤੀ ਅਖਤਿਆਰ ਕਰਕੇ, ਸੰਘਰਸ਼ ਕਰਨ ਦਾ ਜਮਹੂਰੀ ਹੱਕ ਖੋਹ ਰਹੀ ਹੈ

ਜਿਸ ਦਾ ਮਜ਼ਦੂਰ ਜਥੇਬੰਦੀਆਂ ਵੱਲੋਂ ਤਿੱਖਾ ਵਿਰੋਧ ਕੀਤਾ ਜਾਵੇਗਾ ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਆਗੂ ਸਾਥੀ ਗੁਰਮੇਸ਼ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਸਾਂਝੇ ਮੋਰਚੇ ਦੇ ਆਗੂਆਂ ਨੇ ਭਗਵੰਤ ਮਾਨ ਸਰਕਾਰ ਵੱਲੋਂ ਸਿਰਫ 4727 ਮਜ਼ਦੂਰ ਪਰਿਵਾਰਾਂ ਦੇ ਕਰਜ਼ੇ ਮੁਆਫ਼ ਕਰਨ ਨੂੰ ਨਿਗੂਣੀ ਰਾਹਤ ਦੱਸਦਿਆਂ ਕਿਹਾ ਕਿ ਇਹ ਰਾਹਤ ਊਠ ਤੋਂ ਛਾਣਨੀ ਲਾਹੁਣ ਬਰਾਬਰ ਹੈ ਉਨਾਂ ਕਿਹਾ ਕਿ ਪੰਜਾਬ ਦੇ ਤੇਰਾਂ ਹਜ਼ਾਰ ਪਿੰਡਾਂ ਦੇ ਹਿਸਾਬ ਨਾਲ ਪੌਣੇ ਤਿੰਨ ਪਿੰਡਾਂ 'ਚੋਂ ਇਕ ਸਿਰਫ਼ ਇੱਕ ਮਜ਼ਦੂਰ ਨੂੰ ਇਹ ਰਾਹਤ ਮਿਲੇਗੀ ਜਦੋਂ ਹੋਰ ਲੱਖਾਂ ਪਰਿਵਾਰ ਇਸਤੋਂ ਵਿਰਵੇ ਰਹਿ ਜਾਣਗੇ, ਉਨ੍ਹਾਂ ਕਿਹਾ ਕਿ ਮਜ਼ਦੂਰਾਂ ਸਿਰ ,ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦਾ ਕੁਲ ਕਰਜ਼ਾ ਛੇ ਹਜ਼ਾਰ ਕਰੋੜ ਰੁਪਏ ਤੋਂ ਵੀ ਵਧੇਰੇ ਹੈ ਆਰਥਿਕ ਮਾਹਰਾਂ ਵਲੋਂ ਕੀਤੇ ਗਏ ਸਰਵਿਆ ਮੁਬਾਤਕ ਅੱਸੀ ਫੀਸਦੀ ਮਜ਼ਦੂਰ ਕਰਜ਼ਾਈ ਹਨ ਅਤੇ ਔਸਤ ਨੱਬੇ ਹਜ਼ਾਰ ਰੁਪਏ ਹਰੇਕ ਮਜ਼ਦੂਰ ਪਰਿਵਾਰ ਸਿਰ ਕਰਜ਼ਾ ਹੈ ਮਜ਼ਦੂਰ ਆਗੂਆਂ ਨੇ ਕਿਹਾ ਕਿ ਇਕ ਪਾਸੇ ਸਰਕਾਰ ਮਜ਼ਦੂਰਾਂ ਦੀ ਕਰਜ਼ ਮਾਫੀ ਦੀ ਗੱਲ ਕਰਦੀ ਹੈ ਦੂਸਰੇ ਪਾਸੇ ਤੇਤੀ ਲੱਖ ਗਰੀਬਾਂ ਨੂੰ ਮਿਲਦੀ ਕਣਕ ਨੂੰ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ ਆਗੂਆਂ ਨੇ ਕਿਹਾ ਕਿ ਕੇਵਾਈਐੱਸ ਸਕੀਮ ਤਹਿਤ ਤੇਤੀ ਲੱਖ ਪਰਿਵਾਰਾਂ ਨੂੰ ਇਸ ਸਕੀਮ ਤੋਂ ਬਾਹਰ ਕਰ ਦਿੱਤਾ ਜਾਵੇਗਾ ਉਨਾਂ ਕਿਹਾ ਕਿ ਪੰਜਾਬ ਕੈਬਨਿਟ ਦੀ ਕੱਲ੍ਹ ਹੋਈ ਮੀਟਿੰਗ ਵਿੱਚ, ਪੰਜਾਬ ਸਰਕਾਰ ਨੇ ਇਕ ਹੋਰ ਮਜ਼ਦੂਰ ਵਿਰੋਧੀ ਕਦਮ ਲੈਂਦਿਆਂ ਮੋਦੀ ਸਰਕਾਰ ਤੋਂ ਵੀ ਦੋ ਕਦਮ ਅੱਗੇ ਜਾਂਦਿਆਂ " ਪੰਜਾਬ ਦੁਕਾਨ ਅਤੇ ਵਪਾਰਕ ਅਦਾਰੇ ਐਕਟ 1958 ਵਿਚ ਸੋਧ ਦੀ ਮੰਨਜ਼ੂਰੀ ਦੇ ਦਿਤੀ ਹੈ ਜਿਸ ਤਹਿਤ ਹੁਣ ਮਜ਼ਦੂਰਾਂ ਨੂੰ ਨੌਂ ਘੰਟਿਆਂ ਤੋਂ ਵੱਧ ਸਮਾਂ ਕੰਮ ਕਰਨਾ ਪਵੇਗਾ ਉਨਾਂ ਕਿਹਾ ਕਿ ਪੰਜਾਬ ਸਰਕਾਰ ਅਸਲ ਵਿੱਚ ਵੱਡੇ ਸਰਮਾਏਦਾਰਾਂ ਤੇ ਜਗੀਰਦਾਰਾਂ ਨੂੰ ਗੱਫੇ ਦੇ ਰਹੀ ਹੈ ਜਦੋਂ ਕਿ ਗਰੀਬਾਂ ਨੂੰ ਸਿਰਫ ਗੁਮਰਾਹ ਕੀਤਾ ਜਾ ਰਿਹਾ ਹੈ ਆਗੂਆਂ ਨੇ ਪੰਜਾਬ ਭਰ ਵਿੱਚ ਨਿੱਤ ਵਾਪਰ ਰਹੀਆਂ ਪੁਲਿਸ ਜਬਰ ਦੀਆਂ ਘਟਨਾਵਾਂ 'ਤੇ ਚਿੰਤਾ ਜਾਹਰ ਕਰਦਿਆਂ ਆਖਿਆ ਕਿ ਪੁਲੀਸ ਹਿਰਾਸਤ ਵਿੱਚ ਮੌਤਾਂ, ਨਸ਼ੇ ਦੇ ਸੌਦਾਗਰਾਂ ਦੀ ਆੜ੍ਹ ਹੇਠ ਲੋਕਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਉਣੇ ਤੇ ਝੂਠੇ ਪੁਲਿਸ ਮੁਕਾਬਲਿਆਂ ਦੀਆਂ ਕਹਾਣੀਆਂ ਘੜਨਾ, ਰਾਜ ਅੰਦਰ ਪੁਲਿਸ ਰਾਜ ਸਥਾਪਿਤ ਕਰਨਾ ਹੈ ਇਹ ਸਭ ਲੋਕ ਸੰਘਰਸ਼ਾਂ ਨੂੰ ਕੁਚਲਣ ਲਈ ਲੋਕਾਂ ਦੇ ਮਨਾਂ ਵਿਚ ਦਹਿਲ ਬਿਠਾਉਣ ਲਈ ਕੀਤਾ ਜਾ ਰਿਹਾ ਹੈ ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਆਗੂਆਂ ਨੇ ਫੈਸਲਾ ਕੀਤਾ ਕਿ ਜਬਰ ਦੇ ਖਿਲਾਫ ਸੰਘਰਸ਼ ਕਰਦਿਆਂ ਝੋਨੇ ਦੀ ਲਵਾਈ ਤੋਂ ਤੁਰੰਤ ਬਾਅਦ ਪੰਜਾਬ ਭਰ ਵਿੱਚ ਵੱਡਾ ਸੰਘਰਸ਼ ਵਿੱਢਿਆ ਜਾਵੇਗਾ ਅੱਜ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਦਰਸ਼ਨ ਨਾਹਰ, ਗੁਰਨਾਮ ਸਿੰਘ ਦਾਊਦ ਤੇ ਬਲਦੇਵ ਨੂਰਪੁਰੀ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਗੁਲਜ਼ਾਰ ਗੋਰੀਆ, ਦੇਵੀ ਕੁਮਾਰੀ ਅਤੇ ਗਿਆਨ ਸੈਦਪੁਰੀ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਤਰਸੇਮ ਪੀਟਰ ਤੇ ਕਸ਼ਮੀਰ ਸਿੰਘ ਘੁਗਸ਼ੋ?ਰ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹਰਮੇਸ਼ ਮਾਲੜੀ ਹਾਜ਼ਰ ਸਨ।

## ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਜੀ ਐਨ ਐਮ ਨਰਸਿੰਗ (ਪਹਿਲਾ ਸਾਲ) ਦਾ ਸ਼ਾਨਦਾਰ ਸੌ ਫ਼ੀਸਦੀ ਨਤੀਜਾ

### ਤਰਨਦੀਪ ਕੌਰ ਢਾਹਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ

**ਬੰਗਾ (ਚਰਨਜੀਤ ਸੱਲ੍ਹਾਂ)** ਪੰਜਾਬ ਦੇ ਪੇਂਡੂ ਖੇਤਰ ਦਾ ਪ੍ਰਸਿੱਧ ਨਰਸਿੰਗ ਵਿਦਿਅਕ ਅਦਾਰੇ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਜੀ ਐਨ ਐਮ ਨਰਸਿੰਗ (ਪਹਿਲਾ ਸਾਲ) ਬੈਚ 2023-2026 ਦਾ ਸ਼ਾਨਦਾਰ ਸੌ ਫੀਸਦੀ ਨਤੀਜਾ ਆਇਆ ਹੈ ਇਸ ਦੀ ਜਾਣਕਾਰੀ ਮੈਡਮ ਰਮਨਦੀਪ ਕੌਰ ਕੰਗ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਨੇ ਦਿੰਦੇ ਦੱਸਿਆ ਕਿ ਜੀ ਐਨ ਐਮ ਨਰਸਿੰਗ (ਪਹਿਲਾ ਸਾਲ) ਕਲਾਸ ਵਿਚੋਂ ਪਹਿਲਾ ਸਥਾਨ ਤਰਨਦੀਪ ਕੌਰ ਢਾਹਾਂ ਪੁੱਤਰੀ ਸ੍ਰੀ ਜਸਵੀਰ ਸਿੰਘ- ਸ੍ਰੀਮਤੀ ਰੀਨਾ ਪਿੰਡ ਢਾਹਾਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਕੀਤਾ ਜਦ ਕਿ ਦੂਜਾ ਸਥਾਨ ਦੋ ਵਿਦਿਆਰਥਣਾਂ ਪ੍ਰਦੀਪ ਕੌਰ ਪੁੱਤਰੀ ਸ. ਬਲਬੀਰ ਸਿੰਘ- ਸ੍ਰੀਮਤੀ ਬਲਜਿੰਦਰ ਕੌਰ ਕੁਲਥਮ ਅਤੇ ਤਰਨਪ੍ਰੀਤ ਕੌਰ ਪੁੱਤਰੀ ਸ. ਹਰਵਿੰਦਰ ਸਿੰਘ- ਸ੍ਰੀਮਤੀ ਰਾਜਵੰਤ ਕੌਰ ਕੁਲਥਮ ਨੇ ਪ੍ਰਾਪਤ ਕਰਕੇ ਕੀਤਾ ਇਸੇ ਤਰ੍ਹਾਂ ਤੀਜਾ ਸਥਾਨ ਰੀਤਕਾ ਬੈਂਸ ਪੁੱਤਰੀ ਸ. ਜਗਜੀਤ ਸਿੰਘ-ਸ੍ਰੀਮਤੀ ਜਸਵਿੰਦਰ ਕੌਰ ਸ੍ਰੀ ਅਨੰਦਪੁਰ ਸਾਹਿਬ ਨੇ ਹਾਸਲ ਕੀਤਾ ਹੈ ਇਸ ਮੌਕੇ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਜੀ ਐਨ ਐਮ ਨਰਸਿੰਗ (ਪਹਿਲਾ ਸਾਲ) ਬੈਚ 2023-2026 ਦੇ ਸ਼ਾਨਦਾਰ ਨਤੀਜੇ ਲਈ ਸਮੂਹ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਹਨ ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਰੀਤੂ ਕਲਾਸ ਇੰਚਾਰਜ, ਮੈਡਮ ਵੰਦਨਾ ਬਸਰਾ, ਮੈਡਮ ਨੇਹਾ ਕੌਰ, ਮੈਡਮ ਕਿਰਨ ਬੇਦੀ, ਮੈਡਮ ਸੁਨੀਤਾ ਲਖਵਾਰਾ, ਮੈਡਮ ਮਨਦੀਪ ਕੌਰ, ਮੈਡਮ ਸੰਦੀਪ ਕੌਰ, ਸ੍ਰੀ ਗੁਰਮੀਤ ਸਿੰਘ, ਸ੍ਰੀ ਮੁਹੰਮਦ ਯੂਨਿਸ ਵਾਨੀ ਤੇ ਨਰਸਿੰਗ ਵਿਦਿਆਰਥੀ ਹਾਜ਼ਰ ਸਨ।



## ਅੱਠ ਵਿਦੇਸ਼ੀ ਪਿਸਤੌਲਾਂ ਨਾਲ 2 ਸਮਗਲਰ ਗ੍ਰਿਫ਼ਤਾਰ




**ਅੰਮ੍ਰਿਤਸਰ (ਖ਼ਬਰ ਸੰਵਾਦ):** ਕਾਊਂਟਰ ਇੰਟੈਲੀਜੈਂਸ ਟੀਮ ਨੇ ਸ਼ੁੱਕਰਵਾਰ ਸਵੇਰੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਹੈ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਅੱਠ ਵਿਦੇਸ਼ੀ ਪਿਸਤੌਲ ਬਰਾਮਦ ਕੀਤੇ ਗਏ ਹਨ ਅਤੇ ਮਾਮਲਾ ਦਰਜ ਕੀਤਾ ਗਿਆ ਹੈ

ਸੀਆਈ ਅਧਿਕਾਰੀਆਂ ਨੇ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਘਰਿੰਡਾ ਇਲਾਕੇ ਦੇ ਰਹਿਣ ਵਾਲੇ ਸੁਖਚੈਨ ਅਤੇ ਜੁਗਰਾਜ ਸਿੰਘ ਵਜੋਂ ਕੀਤੀ ਗਈ ਹੈ ਦੋਵੇਂ ਹਥਿਆਰਾਂ ਦੀ ਇਹ ਖੇਪ ਮੋਟਰਸਾਇਕਲ 'ਤੇ ਸਪਲਾਈ ਕਰਨ ਜਾ ਰਹੇ ਸਨ ਮੁਖਬਰ ਦੀ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰਕੇ ਤਲਾਸ਼ੀ ਲਈ ਤਾਂ ਕਬਜ਼ੇ ਵਿੱਚੋਂ ਅੱਠ ਵਿਦੇਸ਼ੀ ਪਿਸਤੌਲ ਬਰਾਮਦ ਹੋਏ ਮੁਲਜ਼ਮਾਂ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਉਨ੍ਹਾਂ ਦੇ ਪਾਕਿਸਤਾਨ ਦੀ ਸਰਹੱਦ 'ਤੇ ਸਥਿਤ ਮਨੀਹਾਲਾ ਪਿੰਡ ਦੇ ਰਹਿਣ ਵਾਲੇ 'ਨੂਰ' ਨਾਲ ਸਬੰਧ ਹਨ ਨੂਰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਦੇ ਇਸ਼ਾਰੇ 'ਤੇ ਡਰੋਨ ਦੀ ਮਦਦ ਨਾਲ ਭਾਰਤ ਵਿੱਚ ਹਥਿਆਰਾਂ ਅਤੇ ਹੈਰੋਇਨ ਦੀ ਤਸਕਰੀ ਕਰ ਰਿਹਾ ਹੈ ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਵਿਅਕਤੀਆਂ ਵਿਰੁੱਧ ਪਹਿਲਾਂ ਹੀ ਕਿੰਨੇ ਮਾਮਲੇ ਦਰਜ ਹਨ ।

# ਸੀ.ਪੀ.ਐੱਫ. ਕਰਮਚਾਰੀ ਯੂਨੀਅਨ ਇਕਾਈ ਮਾਨਸਾ ਦੀ ਚੋਣ: ਧਰਮਿੰਦਰ ਸਿੰਘ ਹੀਰੇਵਾਲਾ ਮੁੜ ਪ੍ਰਧਾਨ ਚੁਣੇ ਗਏ

**ਮਾਨਸਾ** : ਸੀ.ਪੀ.ਐੱਫ. ਕਰਮਚਾਰੀ ਯੂਨੀਅਨ ਇਕਾਈ ਮਾਨਸਾ ਦੀ ਇੱਕ ਮਹੱਤਵਪੂਰਨ ਮੀਟਿੰਗ ਬੱਚਤ ਭਵਨ ਵਿਖੇ ਹੋਈ, ਜਿਸ ਵਿੱਚ ਯੂਨੀਅਨ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਇਸ ਚੋਣ ਪ੍ਰਕਿਰਿਆ ਦੌਰਾਨ, ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਾਰਜਕਾਰਨੀ ਦਾ ਗਠਨ ਕੀਤਾ ਗਿਆ।




ਇਹ ਚੋਣ ਪ੍ਰਧਾਨਗੀ ਮੰਡਲ ਦੀ ਦੇਖ-ਰੇਖ ਹੇਠ ਹੋਈ, ਜਿਸ ਵਿੱਚ ਹਰਪ੍ਰੀਤ ਸਿੰਘ, ਸੰਦੀਪ ਸਿੰਘ, ਪ੍ਰਭਜੋਤ ਸਿੰਘ, ਜਸਵੰਤ ਸਿੰਘ ਮੋਜੋ, ਜਸਦੀਪ ਸਿੰਘ ਚਹਿਲ, ਹਰਦੀਪ ਸਿੰਘ ਅਤੇ ਪ੍ਰਦੀਪ ਸ਼ਰਮਾ ਵਰਗੇ ਸੀਨੀਅਰ ਮੈਂਬਰ ਸ਼ਾਮਲ ਸਨ ਪ੍ਰਧਾਨਗੀ ਮੰਡਲ ਦੀ ਅਗਵਾਈ ਹੇਠ ਸਮੂਹ ਕਰਮਚਾਰੀਆਂ ਦੀ ਸਹਿਮਤੀ ਨਾਲ ਨਵੇਂ ਅਹੁਦੇਦਾਰਾਂ ਦੀ ਚੋਣ ਸੰਪੰਨ ਹੋਈ। ਇਸ ਚੋਣ ਵਿੱਚ, ਧਰਮਿੰਦਰ ਸਿੰਘ ਹੀਰੇਵਾਲਾ ਨੂੰ ਸਰਬਸੰਮਤੀ ਨਾਲ ਯੂਨੀਅਨ ਦਾ ਪ੍ਰਧਾਨ ਚੁਣਿਆ ਗਿਆ ਇਹ ਦੂਜੀ ਵਾਰ ਹੈ ਕਿ ਹੀਰੇਵਾਲਾ ਨੂੰ ਇਸ ਅਹੁਦੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਜੋ ਯੂਨੀਅਨ ਵਿੱਚ ਉਨ੍ਹਾਂ ਦੀ ਮਜ਼ਬੂਤ ਪਕੜ ਅਤੇ ਕਰਮਚਾਰੀਆਂ ਵਿੱਚ ਉਨ੍ਹਾਂ ਦੀ ਪ੍ਰਵਾਨਗੀ ਨੂੰ ਦਰਸਾਉਂਦਾ ਹੈ। ਹੋਰ ਅਹੁਦੇਦਾਰਾਂ ਵਿੱਚ, ਮਲਕੀਤ ਸਿੰਘ ਨੂੰ ਯੂਨੀਅਨ ਦਾ ਸਕੱਤਰ ਨਿਯੁਕਤ ਕੀਤਾ ਗਿਆ, ਜਦੋਂ ਕਿ ਹਰਦੀਪ ਸਿੰਘ ਨੂੰ ਖਜ਼ਾਨਚੀ ਦੀ ਜ਼ਿੰਮੇਵਾਰੀ ਦਿੱਤੀ ਗਈ। ਚੋਣ ਕਮੇਟੀ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਬਾਕੀ ਰਹਿੰਦੇ ਅਹੁਦੇਦਾਰਾਂ ਅਤੇ ਕਾਰਜਕਾਰਨੀ ਦੇ ਮੈਂਬਰਾਂ ਦੀ ਚੋਣ ਕਰਨ ਦਾ ਅਧਿਕਾਰ ਨਵੀਂ ਚੁਣੀ ਗਈ ਪ੍ਰਧਾਨ, ਸਕੱਤਰ ਅਤੇ ਖਜ਼ਾਨਚੀ ਦੀ ਕਮੇਟੀ ਨੂੰ ਦਿੱਤਾ ਗਿਆ ਹੈ ਇਸ ਫੈਸਲੇ ਨਾਲ ਨਵੀਂ ਕਾਰਜਕਾਰਨੀ ਨੂੰ ਆਪਣੀ ਟੀਮ ਬਣਾਉਣ ਦੀ ਖੁੱਲ੍ਹ ਮਿਲੀ ਹੈ, ਜੋ ਯੂਨੀਅਨ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਵਿੱਚ ਮਦਦ ਕਰੇਗੀ।

ਮੀਟਿੰਗ ਦੌਰਾਨ, ਨਵੇਂ ਚੁਣੇ ਗਏ ਪ੍ਰਧਾਨ ਧਰਮਿੰਦਰ ਸਿੰਘ ਹੀਰੇਵਾਲਾ ਨੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦੀ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਅਣਥੱਕ ਯਤਨ ਕਰੇਗੀ ਉਨ੍ਹਾਂ ਨੇ ਇਹ ਵੀ ਭਰੋਸਾ ਦਿਵਾਇਆ ਕਿ ਯੂਨੀਅਨ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਪੂਰੀ ਤਨਦੇਹੀ ਨਾਲ ਕੰਮ ਕਰੇਗੀ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਤੱਕ ਪਹੁੰਚਾਏਗੀ। ਇਸ ਚੋਣ ਤੋਂ ਬਾਅਦ, ਯੂਨੀਅਨ ਦੇ ਮੈਂਬਰਾਂ ਵਿੱਚ ਉਤਸ਼ਾਹ ਦਾ ਮਾਹੌਲ ਹੈ ਆਸ ਹੈ ਕਿ ਨਵੀਂ ਕਮੇਟੀ ਕਰਮਚਾਰੀਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕੇਗੀ।

# ਸਭਾ ਦੀ ਵਿਸ਼ੇਸ਼ ਇਕੱਤਰਤਾ 8 ਜੂਨ ਨੂੰ

**ਸੰਗਰੂਰ (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੀ ਵਿਸ਼ੇਸ਼ ਇਕੱਤਰਤਾ 8 ਜੂਨ ਦਿਨ ਐਤਵਾਰ ਨੂੰ ਸਵੇਰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਰੱਖੀ ਗਈ ਹੈ, ਜਿਸ ਵਿੱਚ 22 ਜੂਨ ਨੂੰ ਮਨਾਏ ਜਾ ਰਹੇ ਸਭਾ ਦੇ ਬਾਰ੍ਹਵੇਂ ਸਥਾਪਨਾ ਦਿਵਸ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ ਅਤੇ ਸਭਾ ਵੱਲੋਂ ਪ੍ਰਕਾਸ਼ਿਤ ਕੀਤੀ ਜਾਣ ਵਾਲੀ ਪੁਸਤਕ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਮੌਕੇ ਸ਼੍ਰੋਮਣੀ ਸੰਤ ਕਬੀਰ ਜੀ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ।

# ਕੰਨਿਆ ਸਕੂਲ ਰੋਪੜ ਵਿਖੇ ਵਾਤਾਵਰਣ ਦਿਵਸ ਮਨਾਇਆ

**ਰੋਪੜ (ਰੋਮੀ ਘੜਾਮਾਂ)**: ਸ.ਸ.ਸ.ਸ. ਸਕੂਲ (ਕੰਨਿਆ) ਰੋਪੜ ਵਿਖੇ ਵਿਸ਼ਵ ਵਾਤਾਵਰਣ ਦਿਵਸ (05 ਜੂਨ) ਮਨਾਇਆ ਗਿਆ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਅੱਜ ਬਾਹਰਵੀਂ ਜਮਾਤ ਦੀਆਂ ਵਿਦਿਆਰਥਣਾਂ ਮਨਪ੍ਰੀਤ ਕੌਰ ਅਤੇ ਜੈਸੀਕਾ ਸਕੂਲ ਕੈਂਪਸ ਵਿੱਚ ਬੂਟੇ ਲਗਾ ਕੇ ਸਭ ਲਈ ਪ੍ਰੇਰਨਾ ਸਰੋਤ ਬਣੀਆਂ ਇਸ ਮੌਕੇ ਉਚੇਚੇ ਤੌਰ 'ਤੇ ਸ਼ਾਮਲ ਜਵਤਿੰਦਰ ਕੌਰ ਲੈਕਚਰਾਰ ਬਾਇਓ ਅਤੇ ਸਿਲਕੀ ਭੱਲਾ ਸਾਇੰਸ ਮਿਸਟੈ?ਸ ਨੇ ਵਿਸ਼ਵ ਵਾਤਾਵਰਣ ਦਿਵਸ ਦੀ ਮਹੱਤਤਾ ਬਾਰੇ ਸੰਖੇਪ ਜਾਣਕਾਰੀ ਦਿੱਤੀ ਉਨ੍ਹਾਂ ਕਿਹਾ ਕਿ ਇਸ ਸਾਲ ਵਿਸ਼ਵ ਵਾਤਾਵਰਣ ਦਿਵਸ ਦੀ ਥੀਮ ਵਿਸ਼ਵ-ਵਿਆਪੀ ਪਲਾਸਟਿਕ ਪ੍ਰਦੂਸ਼ਣ ਦਾ ਅੰਤ ਹੈ ਕਿਉਂਕਿ ਪਲਾਸਟਿਕ ਸਾਡੇ ਜੀਵਨ ਦਾ ਅਹਿਮ ਹਿੱਸਾ ਬਣ ਚੁੱਕਿਆ ਹੈ ਜਿਸ ਨੂੰ ਜ਼ਿਆਦਾਤਰ ਇੱਕ ਵਾਰ ਹੀ ਵਰਤ ਕੇ ਸੁੱਟ ਦਿੱਤਾ ਜਾਂਦਾ ਹੈ ਅਤੇ ਫਿਰ ਇਹ ਪ੍ਰਦੂਸ਼ਣ ਦਾ ਵੱਡਾ ਕਾਰਨ ਬਣਦਾ ਹੈ ਸੋ ਪਲਾਸਟਿਕ ਨੂੰ ਜ਼ਿੰਦਗੀ ਅਤੇ ਵਾਤਾਵਰਣ ਵਿੱਚੋਂ ਖਤਮ ਕਰਨ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ ਇਸ ਮੌਕੇ ਵਿਦਿਆਰਥਣਾਂ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।




# ਸਰਕਾਰੀ ਸਕੂਲ ਕਰਮਗੜ੍ਹ ਵਿਚ ਸਮਰ ਕੈਂਪ ਦੌਰਾਨ ਸਾਹਿਤਕ ਵਰਕਸ਼ਾਪ ਲਗਾਈ

## ਪੰਜਾਬੀ ਸਾਹਿਤਕਾਰ ਡਾ ਤੇਜਾ ਸਿੰਘ ਤਿਲਕ ਬਣੇ ਮੁੱਖ ਮਹਿਮਾਨ

**ਬਰਨਾਲਾ (ਚੰਡਿਹੋਕ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਮਗੜ੍ਹ ਵਿਚ ਸਰਕਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਇੰਚਾਰਜ ਪ੍ਰਿੰਸੀਪਲ ਸ੍ਰੀ ਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ 7 ਰੋਜ਼ਾ ਸਮਰ ਕੈਂਪ ਲਗਾਇਆ ਗਿਆ ਇਸ ਵਿੱਚ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਇਸੇ ਸਮੇਂ ਦੌਰਾਨ ਸਕੂਲ ਵਿੱਚ ਗਰੁੱਪ -1 ਇੰਚਾਰਜ ਮੈਡਮ ਅੰਜਨਾ ਮੈਨਨ ਅਤੇ ਗਰੁੱਪ -2 ਦੇ ਇੰਚਾਰਜ ਮੈਡਮ ਵਤਨਦੀਪ ਕੌਰ ਜੀ ਵੱਲੋਂ ਸਾਹਿਤਿਕ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਬੱਚਿਆਂ ਨੂੰ ਸੁੰਦਰ ਲਿਖਾਈ, ਪੇਂਟਿੰਗ ,ਵੇਸਟ ਮਟੀਰੀਅਲ ਦੀ ਦੁਬਾਰਾ ਵਰਤੋਂ, ਕਵਿਤਾ /ਕਹਾਣੀ ਸਿਰਜਣਾ ਬਾਰੇ ਜਾਣਕਾਰੀ ਦਿੱਤੀ ਗਈ ਇਸ ਛੋਟੇ ਜਿਹੇ ਸਮਾਗਮ ਵਿੱਚ ਮੁੱਖ ਮਹਿਮਾਨ ਵਾਜੋ ਪੰਜਾਬੀ ਸਾਹਿਤਕਾਰ ਸਤਿਕਾਰਯੋਗ ਡਾ. ਤੇਜਾ ਸਿੰਘ ਤਿਲਕ ਜੀ ਨੇ ਸ਼ਿਰਕਤ ਕੀਤੀ ਉਹਨਾਂ ਨੇ ਬੱਚਿਆਂ ਨੂੰ ਵੱਖ-ਵੱਖ ਕਹਾਣੀਕਾਰਾਂ ਦੀ ਲਿਖਣ ਸ਼ੈਲੀ, ਉਨ੍ਹਾਂ ਦੀਆਂ ਪ੍ਰਸਿੱਧ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਉਨ੍ਹਾਂ ਨੇ ਪ੍ਰਸਿੱਧ ਕਵੀਆਂ ਦੀ ਕਲਪਨਾ ਸ਼ਕਤੀ ਅਤੇ ਬੌਧਿਕ ਪੱਧਰ ਅਤੇ ਸਿਰਜਣ ਢੰਗਾਂ ਬਾਰੇ ਦੱਸਿਆ ਇਸ ਦੇ ਨਾਲ ਹੀ ਉਹਨਾਂ ਨੇ ਕਵਿਤਾ ਅਤੇ ਕਹਾਣੀ ਨੂੰ ਲਿਖਣ ਦੇ ਗੁਰ ਵੀ ਸਮਝਾਏ ਉਹਨਾਂ ਨੇ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਲਈ ਪ੍ਰੇਰਨਾ ਦਿੱਤੀ ਅਖੀਰ ਵਿੱਚ ਉਹਨਾਂ ਨੇ ਸਕੂਲ ਦੀ ਲਾਇਬ੍ਰੇਰੀ ਅਤੇ ਅਧਿਆਪਕਾਂ ਲਈ ਸਾਹਿਤਕ ਕਿਤਾਬਾਂ ਵੀ ਭੇਟ ਕੀਤੀਆਂ ਪੰਜਾਬੀ ਕਵਿਤਰੀ ਅੰਜਨਾ ਮੈਨਨ ਨੇ ਉਨ੍ਹਾਂ ਨੂੰ ਆਪਣੀ ਨਵੀਂ ਸੰਪਾਦਿਤ ਪੁਸਤਕ 'ਸੰਦਲੀ ਸਿਰਜਣਾ' ਭੇਟ ਕੀਤੀ ਅਤੇ ਸਨਮਾਨ ਵਜੋਂ ਉਹਨਾਂ ਦੀ



ਲਾਇਬ੍ਰੇਰੀ ਲਈ ਕੁਝ ਕਿਤਾਬਾਂ ਵੀ ਭੇਟ ਕੀਤੀਆਂ ਅੰਜਨ ਮੈਨਨ ਮੈਡਮ ਜੀ ਨੇ ਆਪਣੇ ਵੱਲੋਂ ਆਪਣੀ ਨੌਵੀਂ ਬੀ ਕਲਾਸ ਦੇ ਹੋਣਹਾਰ 6 ਵਿਦਿਆਰਥੀਆਂ ਜਿੰਨਾਂ ਨੇ ਬੋਰਡ ਦੀ ਅੱਠਵੀਂ ਜਮਾਤ ਵਿਚੋਂ 80/ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਸਨ ਨੂੰ ਡਾ. ਤੇਜਾ ਸਿੰਘ ਤਿਲਕ ਜੀ ਹੱਥੋਂ ਸਨਮਾਨਿਤ ਕਰਵਾਇਆ ਗਿਆ ਜਿੰਨਾਂ ਵਿਚੋਂ ਪਹਿਲਾ ਸਥਾਨ ਪੁਨੀਤ ਕੌਰ 91/ ਨੂੰ 10 ਕਾਪੀਆਂ ਅਤੇ ਜੁਮੈਟਰੀ ਬਾਕਸ, ਦੂਸਰਾ ਸਥਾਨ ਖੁਸ਼ਦੀਪ ਕੌਰ 88/ ਨੂੰ 8 ਕਾਪੀਆਂ, ਤੀਸਰਾ ਸਥਾਨ ਲੱਛਮੀ 86/ ਨੂੰ 6 ਕਾਪੀਆਂ, ਚੌਥਾ ਸਥਾਨ ਸ਼ਗਨਦੀਪ ਕੌਰ 84/ ਨੂੰ 4 ਕਾਪੀਆਂ, ਪੰਜਵਾਂ ਸਥਾਨ ਸੁਖਪ੍ਰੀਤ ਕੌਰ 83/ ਨੂੰ 4 ਕਾਪੀਆਂ, ਛੇਵਾਂ ਸਥਾਨ ਪ੍ਰੇਮ 82/ ਨੂੰ 4 ਕਾਪੀਆਂ ਇਨਾਮ ਬਾਜੋਂ ਵੰਡੀਆਂ ਗਈਆਂ ਇਸ ਦੇ ਨਾਲ ਹੀ ਅੱਠਵੀਂ ਵਿਚੋਂ ਪਾਸ ਹੋਏ ਸਾਰੇ ਬੱਚਿਆਂ ਨੂੰ 2-2 ਕਾਪੀਆਂ ਭੇਂਟ ਕੀਤੀਆਂ ਗਈਆਂ ਵਰਕਸ਼ਾਪ ਦੌਰਾਨ ਕਵਿਤਾਵਾਂ, ਪੇਂਟਿੰਗ ਅਤੇ ਸੁੰਦਰ ਲਿਖਾਈ ਵਾਲੇ ਬੱਚਿਆਂ ਨੂੰ ਵੀ ਇਨਾਮ ਭੇਂਟ ਕੀਤੇ ਗਏ ਇਸ ਮੌਕੇ ਅੰਜਨਾ ਮੈਨਨ ਮੈਡਮ ਨੇ ਪੰਜਾਬੀ ,ਮੈਡਮ ਪੂਜਾ ਗਰੋਵਰ ਅਤੇ ਸਰ ਗੁਰਮੀਤ ਸਿੰਘ ਨੇ ਕੰਪਿਊਟਰ ਅਤੇ ਹਿੰਦੀ, ਮੈਡਮ ਸਿਮਰਜੀਤ ਕੌਰ ਅਤੇ ਹਰਕਮਲ ਕੌਰ ਨੇ ਸਾਇੰਸ ਅਤੇ ਕੰਚਨ ਮੈਡਮ ਨੇ ਗਣਿਤ ਵਿਸ਼ੇ ਦੇ ਚਾਰਟ ਮਾਡਲ ਅਤੇ ਵੇਸਟ ਮਟੀਰੀਅਲ ਤੋਂ ਬਣਾਏ ਸਮਾਨ ਦੀ ਪ੍ਰਦਰਸ਼ਨੀ ਵੀ ਲਗਾਈ ਮੈਡਮ ਹਰਕਮਲ ਕੌਰ ਨੇ ਬੱਚਿਆਂ ਨੂੰ ਡਰਾਇੰਗ ਦੇ ਗੁਰ ਦੱਸੇ ਅਖੀਰ ਉਨ੍ਹਾਂ ਨੇ ਮੁੱਖ ਮਹਿਮਾਨ, ਇੰਚਾਰਜ ਪ੍ਰਿੰਸੀਪਲ ਅਤੇ ਬੱਚਿਆਂ ਦਾ ਧੰਨਵਾਦ ਕੀਤਾ ਇੰਚਾਰਜ ਪਿੰ?ਸੀਪਲ ਸਾਹਿਬ ਜੀ ਨੇ ਵਰਕਸ਼ਾਪ ਅਤੇ ਸਾਰੇ ਵਿਸ਼ਿਆਂ ਦੀ ਪ੍ਰਦਰਸ਼ਨੀ ਲਾਉਣ ਵਾਲੇ ਅਧਿਆਪਕਾਂ ਦੀ ਪ੍ਰਸੰਸਾ ਕੀਤੀ ਉਨ੍ਹਾਂ ਨੇ ਬੱਚਿਆਂ ਲਈ ਛਬੀਲ ਦਾ ਪ੍ਰਬੰਧ ਵੀ ਕੀਤਾ।

## ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2025

# ਸੀਨੀਅਰ ਵਰਗ ਵਿੱਚ ਜਰਖੜ ਅਕੈਡਮੀ ਅਤੇ ਰਾਮਪੁਰ, ਜੂਨੀਅਰ ਵਰਗ ਵਿੱਚ ਕਿਲ੍ਹਾ ਰਾਇਪੁਰ ਅਤੇ ਤੇਹਿੰਗ ਸੈਮੀਫਾਈਨਲ ਵਿੱਚ ਪੁੱਜੇ

### ਅਮਰੀਕਾ ਵਸਦੇ ਜੰਗਸ਼ੇਰ ਸਿੰਘ ਤੰਬਰ ਨੇ ਜਰਖੜ ਅਕੈਡਮੀ ਨੂੰ ਦਿੱਤੀ 1 ਲੱਖ ਰੁਪੈ ਦੀ ਵਿੱਤੀ ਸਹਾਇਤਾ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਵੱਲੋਂ ਕਰਵਾਏ ਜਾ ਰਹੇ 15ਵੇਂ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਸੱਤਵੇਂ ਦਿਨ ਖੇਡੇ ਗਏ ਕੁਆਟਰ ਫਾਈਨਲ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਨੀਟਾ ਕਲੱਬ ਰਾਮਪੁਰ ਨੇ ਆਪੋ ਆਪਣੇ ਮੈਚ ਜਿੱਤ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਜਦਕਿ ਜੂਨੀਅਰ ਵਰਗ ਵਿੱਚ ਕਿਲ੍ਹਾ ਰਾਇਪੁਰ ਹਾਕੀ ਸੈਂਟਰ ਅਤੇ ਏਕ ਨੂਰ ਅਕੈਡਮੀ ਤੇਹਿੰਗ ਆਖਰੀ ਚਾਰਾਂ ਵਿੱਚ ਪੁੱਜੇ

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿੱਚ ਨੀਲੇ ਰੰਗ ਦੀ ਐਸਟ੍ਰੋਟਰਫ ਉੱਪਰ ਫ਼ਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਰਾਜ ਪੱਧਰੀ ਹਾਕੀ ਫੈਸਟੀਵਲ ਦੇ ਪਹਿਲੇ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਅਮਰਗੜ੍ਹ ਹਾਕੀ ਸੈਂਟਰ ਨੂੰ 5-3 ਨਾਲ ਹਰਾਇਆ ਜਰਖੜ ਅਕੈਡਮੀ ਦਾ ਰਘਵੀਰ ਸਿੰਘ ਡੰਗੋਰਾ " ਡਾਬਰ ਹੀਰੋ ਆਫ ਦਾ ਮੈਚ" ਬਣਿਆ ਜਦ ਕਿ ਦੂਸਰੇ ਮੈਚ ਵਿੱਚ ਨੀਟਾ ਕਲੱਬ ਰਾਮਪੁਰ ਨੇ ਕਰੜੇ ਸੰਘਰਸ਼ ਬਾਅਦ ਗਿੱਲ ਕਲੱਬ ਘਵੱਦੀ ਨੂੰ 5-4 ਨਾਲ ਹਰਾਇਆ ਰਾਮਪੁਰ ਦਾ ਜਗਜੀਤ ਸਿੰਘ " ਡਾਬਰ ਹੀਰੋ ਆਫ ਦਾ ਮੈਚ" ਬਣਿਆ

ਜੂਨੀਅਰ ਵਰਗ ਵਿੱਚ ਕਿਲ੍ਹਾ ਰਾਇਪੁਰ ਹਾਕੀ ਸੈਂਟਰ ਨੇ ਰਾਣਾ ਅਕੈਡਮੀ ਹੁਸ਼ਿਆਰਪੁਰ ਨੂੰ 5-4 ਗੋਲਾਂ ਨਾਲ ਹਰਾਇਆ ਕਿਲ੍ਹਾ ਰਾਇਪੁਰ ਸਕੂਲ ਦਾ ਰਾਜਵੀਰ ਸਿੰਘ "ਡਾਬਰ ਹੀਰੋ ਆਫ਼ ਦਾ ਮੈਚ" ਬਣਿਆ ਇਸ ਤੋਂ ਇਲਾਵਾ ਆਖਰੀ ਮੈਚ ਵਿੱਚ ਏਕ ਨੂਰ ਅਕੈਡਮੀ ਤੇਹਿੰਗ ਨੇ ਚਚਰਾੜੀ ਹਾਕੀ ਸੈਂਟਰ ਨੂੰ 6-3 ਨਾਲ ਹਰਾ ਕੇ ਆਖਰੀ ਚਾਰਾਂ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਜੇਤੂ ਟੀਮ ਦਾ ਮਨਸ਼ੂਰ ਅਹਿਮਦ "ਡਾਬਰ ਹੀਰੋ ਆਫ ਦਾ ਮੈਚ" ਬਣਿਆ




ਅੱਜ ਦੇ ਮੈਚਾਂ ਦੌਰਾਨ ਕੈਲੀਫੋਰਨੀਆ ਵੱਸਦੇ ਉੱਘੇ ਬਿਜਨਸ਼ਮੈਨ ਜੇਐਸਟੀ ਟਰੱਕਿੰਗ ਕੰਪਨੀ ਦੇ ਮਾਲਕ ਜੰਗਸ਼ੇਰ ਸਿੰਘ ਤੰਬਰ ਅਤੇ ਉਹਨਾਂ ਦੇ ਮਾਤਾ ਰਜਿੰਦਰ ਕੌਰ ਤੰਬਰ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰਦਿਆਂ ਟੀਮਾਂ ਦੇ ਨਾਲ ਜਾਣ ਪਹਿਚਾਨ ਕੀਤੀ, ਜਰਖੜ ਸਟੇਡੀਅਮ ਦੇ ਢਾਂਚੇ ਅਤੇ ਅਕੈਡਮੀ ਦੇ ਕਾਰਜਾਂ ਦੀ ਸਲਾਘਾ ਕਰਦਿਆਂ ਜਰਖੜ ਹਾਕੀ ਅਕੈਡਮੀ ਨੂੰ 1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਇਸ ਤੋਂ ਇਲਾਵਾ ਜ਼ਿਲ੍ਹਾ ਖੇਡ ਅਫਸਰ ਕੁਲਦੀਪ ਚੁੱਘ ਲੁਧਿਆਣਾ, ਪ੍ਰੋ: ਰਾਜਿੰਦਰ ਸਿੰਘ ਖਾਲਸਾ ਕਾਲਜ, ਹਰਬੰਸ ਸਿੰਘ ਸੈਣੀ, ਹਰਦੀਪ ਸਿੰਘ ਸੈਣੀ ਅੰਤਰਰਾਸ਼ਟਰੀ ਵੇਟ ਲਿਫਟਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਇਸ ਮੌਕੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਹੈਂਡਬਾਲ ਕੋਚ ਗੁਰਪ੍ਰੀਤ ਸਿੰਘ, ਤੈਰਾਕੀ ਕੋਚ ਗੁਰਜੀਤ ਸਿੰਘ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ , ਖੁਸ਼ਮੀਤ ਸਿੰਘ ਖੰਨਾ, ਪਵਨ ਬਾਂਸਲ, ਸਰਬਜੀਤ ਸਿੰਘ ਪਰਥ ਆਸਟਰੇਲੀਆ, ਬਾਬਾ ਰੁਲਦਾ ਸਿੰਘ ਸਾਇਆ ਕਲਾ, ਗੁਰਤੇਜ ਸਿੰਘ ਬੋਰਾਹਾਈ, ਦਲਬੀਰ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ

## ਬਸਪਾ ਵਲੋਂ ਸਤਨਾਮ ਸਿੰਘ ਅਟਵਾਲ ਨੂੰ ਸੈਕਟਰ ਸਕੱਤਰ ਦੇ ਅਹੁਦੇ ਨਾਲ ਨਿਵਾਜਿਆ



**ਬੰਗਾ (ਚਰਨਜੀਤ ਸੱਲਾ)** ਬਹੁਜਨ ਸਮਾਜ ਪਾਰਟੀ ਵਲੋਂ ਇੱਕ ਮੀਟਿੰਗ ਵਿਧਾਨ ਸਭਾ ਬੰਗਾ ਦੇ ਪਿੰਡ ਕੁਲਥਮ ਵਿੱਚ ਕੀਤੀ ਗਈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਹਲਕਾ ਜਨਰਲ ਸਕੱਤਰ ਚਰਨਜੀਤ ਮੰਢਾਲੀ,ਸੈਕਟਰ ਸਕੱਤਰ ਮਲਕੀਤ ਮੰਢਾਲੀ ,ਕੁਲਦੀਪ ਰਾਏ ਬਹਿਰਾਮ ਯੂਥ ਆਗੂ ਵਿਸ਼ੇਸ਼ ਤੌਰ ਤੇ ਪਹੁੰਚੇ ਮੀਟਿੰਗ ਦੇ ਵਿੱਚ ਬਹੁਜਨ ਸਮਾਜ ਪਾਰਟੀ ਵਲੋਂ ਨੌਜਵਾਨਾਂ ਨੂੰ ਜਿੰਮੇਵਾਰੀਆਂ ਦਿੱਤੀਆਂ ਗਈਆਂ ਇਸ ਮੌਕੇ ਸਤਨਾਮ ਸਿੰਘ ਅਟਵਾਲ ਨੂੰ ਕੁਲਥਮ ਸੈਕਟਰ ਦਾ ਸਕੱਤਰ ਨਿਯੁਕਤ ਕੀਤਾ ਗਿਆ। ਇਸ ਮੌਕੇ ਬਸਪਾ ਦੇ ਸੀਨੀਅਰ ਸਾਥੀ ਲੇਖ ਰਾਜ ਪੰਚ,ਗਿਰਧਾਰੀ ਲਾਲ, ਸੁਰਜੀਤ ਕੁਮਾਰ (ਸਾਬਕਾ ਪੰਚ ਬਸਪਾ),ਸੁਰਿੰਦਰ ਕੁਮਾਰ,ਕੁਲਦੀਪ ਕੁਮਾਰ, ਡਾ ਸੋਨੂੰ ਨਰ (KWS ਪਧ੍ਰਾਨ) , ਰਾਕੇਸ਼ ਕੁਮਾਰ ਕੁਲਥਮ(ਨਵ ਨਿਯੁਕਤ ਸੈਕਟਰ ਸਕੱਤਰ ਬਸਪਾ), ਦੀਪਕ ਅਟਵਾਲ, ਰੋਹਿਤ ਚੁੰਬਰ, ਲਵਪ੍ਰੀਤ, ਗੌਰਵ ਕੁਮਾਰ, ਕੋਮਲ ਕੁਮਾਰ, ਜਿੰਦੀ ਕੁਲਥਮ, ਆਰ ਐਲ ਰੋਮੀ, ਮਨਦੀਪ ਰਾਜ, ਭਿੰਦੂ ਕੁਲਥਮ, ਪਵਨ ਕੁਮਾਰ, ਛਿੰਦੀ, ਲਛਮਣ ਦਾਸ,ਹਰਜੋਤ ਚੁੰਬਰ, ਸੋਨੂੰ ਚੁੰਬਰ ਹਾਜ਼ਿਰ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਵਾਤਾਵਰਣ ਦਿਵਸ ਮਨਾਇਆ ਗਿਆ



**ਬੰਗਾ (ਚਰਨਜੀਤ ਸੱਲ੍ਹਾਂ)** ਸਿੱਖ ਨੈਸ਼ਨਲ ਕਾਲਜ ਬੰਗਾ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਸਥਾਨਕ ਸਕੱਤਰ ਸ. ਜਰਨੈਲ ਸਿੰਘ ਪੱਲੀਝਿੱਕੀ ਜੀ ਦੀ ਰਹਿਨੁਮਾਈ ਹੇਠ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ ਜੀ ਦੇ ਯਤਨਾਂ ਸਦਕਾ 'ਵਿਸ਼ਵ ਵਾਤਾਵਰਣ ਦਿਵਸ'ਮਨਾਇਆ ਗਿਆ ਇਸ ਮੌਕੇ ਕਾਲਜ ਕੈਂਪਸ ਵਿਚ ਪੌਦੇ ਲਗਾਉਦਿਆਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਜਲਵਾਯੂ ਪਰਿਵਰਤਨ, ਮਨੁੱਖੀ ਸਿਹਤ, ਜੰਗਲੀ ਜੀਵਾਂ ਅਤੇ ਬਨਸਪਤੀ 'ਤੇ ਇਸਦੇ ਪ੍ਰਭਾਵਾਂ ਤਹਿਤ ਰੁੱਖਾਂ ਦੀ ਮਹੱਤਤਾ ਬਾਰੇ ਜਾਣਕਾਰੀ ਵੀ ਦਿੱਤੀ ਅਤੇ ਇਹਨਾਂ ਦੀ ਦੇਖਭਾਲ ਕਰਨ ਲਈ ਇੱਕਜੁਟ ਹੋਣ ਦਾ ਸੁਨੇਹਾ ਦਿੱਤਾ ਉਹਨਾਂ ਕਿਹਾ ਕਿ ਅੱਜ ਅਸੀਂ ਜੋ ਵੀ ਪੌਦਾ ਬੀਜਦੇ ਹਾਂ ਉਹ ਆਉਣ ਵਾਲੇ ਕੱਲ ਵੱਲ ਇਕ ਸਿਹਤਮੰਦ ਕਦਮ ਹੈ ਉਹਨਾਂ ਕਿਹਾ ਕਿ ਸਾਡੀ ਸਭ ਦੀ ਸਾਂਝੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ 5 ਜੂਨ ਦੇ ਇਤਿਹਾਸਕ ਮਹੱਤਵ ਨੂੰ ਸਮਝਦੇ ਹੋਏ ਧਰਤੀ, ਪਾਣੀ, ਰੁੱਖਾਂ ਦੀ ਸਾਭ ਸੰਭਾਲ ਲਈ ਹਰ ਸੰਭਵ ਯਤਨ ਕਰੀਏ ਤਾਂ ਜੋ ਕੁਦਰਤ ਦੀ ਕਰੋਪੀ ਤੋਂ ਬਚਿਆ ਜਾ ਸਕੇ ਇਸ ਮੌਕੇ ਡਾ. ਸੁਨਿਧੀ ਮਿਗਲਾਨੀ, ਡਾ. ਜਯੋਤੀ ਪ੍ਰਕਾਸ਼, ਪ੍ਰੋ, ਨੀਲਮ, ਪ੍ਰੋ. ਤਵਿੰਦਰ ਕੌਰ, ਪ੍ਰੋ. ਮਨਮੰਤ ਸਿੰਘ, ਦਿਨੇਸ਼ ਕੁਮਾਰ, ਸੀਤਾ ਰਾਮ ਜੀ ਮੌਜੂਦ ਸਨ।





## ਪਿੰਡ ਨੰਗਲ ਹਲਕਾ ਫਿਲੌਰ ਵਿਖੇ ਬਸਪਾ ਦੇ ਕੱਟੜ ਸਮਰਥਕ ਧਰਨਾ ਦਿੰਦੇ ਹੋਏ

**ਫਿਲੌਰ (ਚਰਨਜੀਤ ਸੱਲ੍ਹਾਂ )** ਜੈ ਗੁਰੂ ਦੇਵ ਧੰਨ ਗੁਰੂ ਦੇਵ ਜੈ ਭੀਮ ਜੈ ਭਾਰਤ ਜੀ ਪਿਛਲੇ ਦਿਨੀ ਪਿੰਡ ਨੰਗਲ ਨੇੜੇ ਫਿਲੌਰ ਵਿਖੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਨਾਲ ਕੀਤੀ ਗਈ ਮਾੜੀ ਹਰਕਤ ਦੇ ਵਿਰੋਧ ਵਿਚ ਬਹੁਜਨ ਸਮਾਜ ਪਾਰਟੀ ਨੇ ਲਗਾਇਆ ਪੱਕਾ ਧਰਨਾ ਮੈਂ ਆਪਣੀ ਸਾਥੀਆਂ ਨਾਲ ਧਰਨੇ ਵਿਚ ਹਾਜ਼ਰੀ ਲਗਾਈ ਧਰਨੇ ਵਿਚ ਤੀਰਥ ਰਾਜ ਪੁਰਾ ਜੀ ,ਸਰਪੰਚ ਖੁਸ਼ੀ ਰਾਮ, ਮਹਿੰਦਰ ਪਾਲ ਤੇਹੰਗ, ਸੁਸ਼ੀਲ ਬਿਰਦੀ, ਬਲਬੀਰ ਗੁਰੂ ਜੀ, ਭਾਰਸਿੰਘ ਪੂਰੀ ਜੀ, ਮੋਮੀ ਭਾਜੀ, ਮੇਰੇ ਨਾਲ ਮੇਰੇ ਪਿਤਾ ਜੀ ਮਨਸਾ ਰਾਮ ਜੀ, ਅਮਨਦੀਪ ਰਾਏ ਜੀ, ਜਸਵਿੰਦਰ ਰਾਏ ਜੱਸਾ, ਆਦਿ ਹਾਜਿਰ ਸਨ, ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ।

## ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਮੁੱਖ ਮੰਤਰੀ ਦੇ ਨਾਂ ਪੱਤਰ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ)** - ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਐੱਸ ਡੀ ਓ ਨਹਿਰੀ ਵਿਭਾਗ ਰਾਹੀਂ ਦਿੱਤਾ ਗਿਆ ਇਸ ਵਿੱਚ ਮੰਗ ਕੀਤੀ ਗਈ ਕਿ ਨਵਾਂਸ਼ਹਿਰ ਜ਼ਿਲ੍ਹੇ ਅੰਦਰ ਵਾਅਦੇ ਅਨੁਸਾਰ ਹਰੇਕ ਖੇਤ ਅਤੇ ਘਰ ਨੂੰ ਨਹਿਰੀ ਪਾਣੀ ਪਹੁੰਚਦਾ ਕੀਤਾ ਜਾਵੇ ਡਰੇਨਾਂ ਅਤੇ ਖਾਲਿਆਂ ਦੀ ਤੁਰੰਤ ਸਫ਼ਾਈ ਕਰਵਾਈ ਜਾਵੇ ਬਰਸਾਤੀ ਪਾਣੀ ਨੂੰ ਸੰਭਾਲਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਸਾਰਾ ਸਾਲ ਨਹਿਰੀ ਪਾਣੀ ਦਿੱਤਾ ਜਾਵੇ ਇਸ ਮੌਕੇ ਐਸ ਡੀ ਓ ਅਤੇ ਸਟਾਫ ਵੀ ਹਾਜ਼ਰ ਰਿਹਾ ਉਹਨਾਂ ਦੱਸਿਆ ਕਿ 9 ਜੂਨ ਨੂੰ ਨਹਿਰਾਂ ਵਿੱਚ ਪਾਣੀ ਛੱਡਿਆ ਜਾਵੇਗਾ ਆਰਜ਼ੀ ਕੁਨੈਕਸ਼ਨ ਵੀ ਮਹਿਕਮੇ ਵੱਲੋਂ ਦੇਣ ਦਾ ਆਦੇਸ਼ ਹੈ ਕੋਈ ਵੀ ਕਿਸਾਨ ਔਨ ਲਾਈਨ ਅਪਲਾਈ ਕਰ ਕੇ ਆਰਜ਼ੀ ਕੁਨੈਕਸ਼ਨ ਆਪਣੇ ਖਰਚੇ ਤੇ ਲੈ ਸਕਦਾ ਹੈ ਉਹਨਾਂ ਹੋਰ ਵੀ ਕਿਸਾਨਾਂ ਨੂੰ ਨਹਿਰੀ ਪਾਣੀ ਸੰਬੰਧੀ ਆ ਰਹੀਆਂ ਮੁਸਕਲਾਂ ਨੂੰ ਹੱਲ ਕਰਨ ਦਾ ਯਕੀਨ ਦਵਾਇਆ ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ , ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ , ਜਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ , ਕਿਰਤੀ ਕਿਸਾਨ ਯੂਨੀਅਨ ਇਸਤਰੀ ਵਿੰਗ ਦੇ ਪ੍ਰਧਾਨ ਸੁਰਜੀਤ ਕੌਰ , ਮਨਜੀਤ ਕੌਰ ਅਲਾਚੌਰ , ਇਲਾਕਾ ਪ੍ਰਧਾਨ ਨਵਾਂਸ਼ਹਿਰ ਕੁਲਬੀਰ ਸਿੰਘ ਸ਼ਾਹਪੁਰ , ,ਔੜ ਦੇ ਸੁਰਿੰਦਰ ਸਿੰਘ ਮਹਿਰਮ ਪੁਰ , , ਬਿੱਕਰ ਸਿੰਘ , ਅਵਤਾਰ ਸਿੰਘ , ਜੀਵਨ ਬੇਗੋਵਾਲ , ਚਰਨਜੀਤ ਸਿੰਘ , ਕਸ਼ਮੀਰ ਸਿੰਘ , ਤਾਰਾ ਸਿੰਘ , ਰਾਮ ਜੀ ਦਾਸ , ਮੱਖਣ ਸਿੰਘ ਭਾਨਮਜਾਰਾ , ਅਜੋਧ ਸਿੰਘ , ਬਲਵੀਰ ਸਿੰਘ ਆਦਿ ਹਾਜ਼ਰ ਸਨ।



# ਨਿਰਜਲਾ ਇਕਾਦਸੀ ਮੌਕੇ ਤੇ ਮਿੱਠੇ ਜਲ ਦੀ ਛਬੀਲ ਲਗਾਈ ਗਈ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** - ਸਿਵ ਮੰਦਰ ਕਮੇਟੀ (ਰਜਿ) ਤੇ ਇਸਤਰੀ ਸਤਿਸੰਗ ਸਭਾ ਮਹਿਤਪੁਰ ਵੱਲੋਂ ਨਿਰਜਲਾ ਇਕਾਦਸੀ ਦੇ ਮੌਕੇ ਤੇ ਠੰਡਾ ਮਿੱਠਾ ਜਲ ਪਾਣੀ ਤੇ ਖਰਬੂਜੇ ਦਾ ਲੰਗਰ ਲਗਾਇਆ ਗਿਆ ਇਸ ਮੌਕੇ ਪ੍ਰਧਾਨ ਅਸੋਕ ਸੂਦ, ਯਗੇਸ ਸਰਮਾ, ਵਿਨੋਦ ਸਰਮਾ, ਵਿਨੋਦ ਵਰਮਾ, ਅਸਵਨੀ ਸਰਮਾ,ਰਾਮਾ ਭੰਡਾਰੀ, ਬਰਜੇਸ ਮਹਿਤਾ, ਮਨਦੀਪ ਸਰਮਾ, ਕਰਨ ਚੋਪੜਾ, ਨਗੀਨਾ, ਬਲਵੀਰ ਚੰਦ ਆਦਿ ਹਾਜਰ ਸਨ।



## ਮਕਸੂਦੜਾ ਵਿੱਚ ਰੰਗਕਰਮੀ ਸੋਮ ਪਾਲ ਹੀਰਾ ਨਾਲ ਰੂ-ਬ-ਰੂ 8 ਜੂਨ ਨੂੰ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ** - ਸਾਹਿਤ ਜਗਤ ਵਿੱਚ, ਲਗਾਤਾਰ ਸਾਹਿਤਕ ਗਤੀਵਿਧੀਆਂ ਜਾਰੀ ਰੱਖਣ ਲਈ ਜਾਣੀ ਜਾਂਦੀ, ਪੰਜਾਬੀ ਲਿਖਾਰੀ ਸਭਾ, ਮਕਸੂਦੜਾ ਵੱਲੋਂ, ਰੂ-ਬ-ਰੂ ਲੜੀ ਅਧੀਨ, ਇਸ ਵਾਰ 8 ਜੂਨ ਦਿਨ ਐਤਵਾਰ ਨੂੰ, ਪ੍ਰਸਿੱਧ ਰੰਗਕਰਮੀ, ਨਿਰਦੇਸਕ ਅਤੇ ਲੇਖਕ ਡਾਕਟਰ ਸੋਮ ਪਾਲ ਹੀਰਾ ਨਾਲ ਰੂ-ਬ-ਰੂ ਰਚਾਇਆ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਨੇ ਦੱਸਿਆ ਕਿ ਪ੍ਰਧਾਨਗੀ ਮੰਡਲ ਵਿੱਚ ਸ੍ਰੀ ਸੰਦੀਪ ਸਰਮਾ ( ਜ਼ਿਲ੍ਹਾ ਭਾਸਾ ਅਫਸਰ), ਕਹਾਣੀਕਾਰ ਮੁਖਤਿਆਰ ਸਿੰਘ ਖੰਨਾ ਅਤੇ ਕਵੀਸਰ ਗੁਰਸੇਵਕ ਸਿੰਘ ਢਿੱਲੋਂ ਸੁਸੋਭਿਤ ਹੋਣਗੇ। ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ , ਨਾਟਕ ਸੰਗੀਤ ਅਕੈਡਮੀ ਪੰਜਾਬ ਦੇ ਉੱਪ ਪ੍ਰਧਾਨ, ਸ੍ਰੀ ਰਾਜਵਿੰਦਰ ਸਮਰਾਲਾ ਪਹੁੰਚ ਰਹੇ ਹਨ। ਸਮਾਗਮ ਦੌਰਾਨ ਦਸਵੀਂ ਜਮਾਤ ਵਿੱਚੋਂ ਮੈਰਿਟ



ਸੂਚੀ ਵਿੱਚ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਦਿਲਪ੍ਰੀਤ ਕੌਰ ਨੂੰ ਮਾਤਾ ਸੁਰਿੰਦਰ ਕੌਰ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ। ਕਵੀ ਦਰਬਾਰ ਵਿੱਚ ਹਾਜਰ ਕਵੀ ਆਪਣੀਆਂ ਰਚਨਾਵਾਂ ਸੁਣਾਉਣਗੇ। ਇਸ ਮੌਕੇ ਪ੍ਰੀਤ ਸਿੰਘ ਸੰਦਲ, ਜਗਦੇਵ ਮਕਸੂਦੜਾ, ਗੁਰਮੀਤ ਸਿੰਘ ਗਿੱਲ ਅਤੇ ਗਾਇਕ ਬਿੱਲਾ ਗਿੱਲ ਹਾਜਰ ਸਨ।

## ਸੱਚ ਦਾ ਪ੍ਰਚਾਰ, ਕਰ ਰਿਹਾ ਵਿਰੋਧੀਆਂ ’ਤੇ ਤਿੱਖਾ ਵਾਰ - ਇਸ ਵਾਰ ਐਡਵੋਕੇਟ ਪਰਉਪਕਾਰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਆਪਣੀ ਚੋਣ ਮੁਹਿੰਮ ਨੂੰ ਜ਼ਬਰਦਸਤ ਰਫ਼ਤਾਰ ਦਿੰਦਿਆਂ, ਵੋਟਰਾਂ ਨਾਲ ਨਿੱਜੀ ਸੰਪਰਕ ਬਣਾਉਣ ਤੇ ਧਿਆਨ ਕੇਂਦਰਿਤ ਕੀਤਾ ਹੈ “ਸੱਚ ਦਾ ਪ੍ਰਚਾਰ“ ਨਾਅਰੇ ਹੇਠ ਚੱਲ ਰਹੀ ਉਨ੍ਹਾਂ ਦੀ ਮੁਹਿੰਮ ਵਿਰੋਧੀਆਂ ‘ਤੇ ਸਿੱਧਾ ਤੇ ਤਿੱਖਾ ਵਾਰ ਕਰ ਰਹੀ ਹੈ ਪਰਉਪਕਾਰ ਸਿੰਘ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਅਲੱਗ ਅਲੱਗ ਇਲਾਕਿਆਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਸਖ਼ਤ ਕਾਨੂੰਨੀ ਰਣਨੀਤੀ, ਨੌਜਵਾਨਾਂ ਲਈ ਰੋਜ਼ਗਾਰ ਮੌਕੇ ਅਤੇ ਸਿਹਤ ਸਹੂਲਤਾਂ ਵਿੱਚ ਸੁਧਾਰ ਵੱਲ ਆਪਣੇ ਯਤਨਾਂ ਬਾਰੇ ਜਾਣੂ ਕਰਵਾਇਆ ਉਨ੍ਹਾਂ ਨੇ ਦੂਜੀਆਂ ਰਾਜਨੀਤਕ ਪਾਰਟੀਆਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਝੂਠ ਦੀ ਰਾਜਨੀਤੀ ਦਾ ਅੰਤ ਨੇੜੇ ਆ ਚੁੱਕਾ ਹੈ ਜਿਨ੍ਹਾਂ ਨੇ ਲੋਕਾਂ ਨਾਲ ਸਿਰਫ਼ ਵਾਅਦੇ ਕੀਤੇ, ਪਰ ਨਿਭਾਏ ਨਹੀਂ ਮਹਿਲਾ ਮੀਟਿੰਗਾਂ ਤੋਂ ਲੈ ਕੇ ਨੌਜਵਾਨ ਰੈਲੀਆਂ ਤੱਕ, ਘੁੰਮਣ ਹਰ ਵਰਗ ਨਾਲ ਗੱਲਬਾਤ ਕਰ ਰਹੇ ਹਨ ਉਨ੍ਹਾਂ ਦੀ ਮੁਹਿੰਮ



ਵਿੱਚ ਨੈਤਿਕਤਾ, ਨਿਰਭਿਕਤਾ ਅਤੇ ਨਿੱਜਤਾ ਸਾਫ਼ ਦਿਖਾਈ ਦੇ ਰਹੀ ਹੈ ਐਡਵੋਕੇਟ ਘੁੰਮਣ ਜਿੱਥੇ ਵੀ ਜਾਂਦੇ ਹਨ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਜਾਂਦਾ ਹੈ ਅਤੇ ਭਰੋਸਾ ਜਤਾਇਆ ਜਾਂਦਾ ਹੈ ਕਿ ਇਸ ਵਾਰ ਹਲਕਾ ਪੱਛਮੀ ਵਿੱਚ ਇੱਕ ਨਵੀਂ ਸੋਚ ਦੀ ਜਿੱਤ ਹੋਵੇਗੀ ਐਡਵੋਕੇਟ ਘੁੰਮਣ ਨੇ ਕਿਹਾ ਕਿ ਉਹ ਸਿਆਸਤ ਨੂੰ ਸੇਵਾ ਬਣਾਉਣ ਆਏ ਹਨ, ਨਾ ਕਿ ਸੱਤਾ ਹਾਸਲ ਕਰਨ ਵਿਸ਼ੇਸ਼ ਤੌਰ ਤੇ ਅੱਜ ਦਿਲਰੋਜ ਦੇ ਪ੍ਰੀਵਾਰਕ ਮੈਂਬਰਾਂ ਵੱਲੋਂ ਵੀ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਦੀ ਚੋਣ ਮੁਹਿੰਮ ਵਿੱਚ ਹਾਜਰ ਹੋ ਕੇ ਵੋਟਰਾਂ ਨੂੰ ਅਪੀਲ ਕੀਤੀ ਕਿ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਵੇਲੇ ਇੱਕ ਵਾਰ ਜ਼ਰੂਰ ਐਡਵੋਕੇਟ ਘੁੰਮਣ ਦੀ ਇਮਾਨਦਾਰੀ ਅਤੇ ਜਜਬੇ ਬਾਰੇ ਜ਼ਰੂਰ ਸੋਚੀਉ।

# ਮਾਨਸਿਕ ਰੋਗੀਆਂ ਦੇ ਦੁਖਾਂਤ ਨੂੰ ਪੇਸ਼ ਕਰਦੀ ਪੁਸਤਕ 'ਦੁਖੀਆਂ ਦੀ ਦਾਸਤਾਨ'

ਲੇਖਕ ਰਾਜਾ ਰਾਮ ਹੰਡਿਆਇਆ ਮੇਰੇ ਪਿੰਡ ਦਾ ਨਾਮਵਰ ਤਰਕਸ਼ੀਲ ਵਿਦਵਾਨ ਹੈ ਮੈਂ ਇਹਨਾਂ ਨੂੰ ਅੱਜ ਦੀ ਤਰਕਸ਼ੀਲ ਲਹਿਰ ਦਾ ਚੜਦਾ ਸੂਰਜ ਕਹਿ ਸਕਦਾ ਹਾਂ ਇਨ੍ਹਾਂ ਦੀ ਕਿਤਾਬ ' ਦੁਖੀਆਂ ਦੀ ਦਾਸਤਾਨ ' ਮਾਨਸਿਕ ਰੋਗੀਆਂ ਦੀਆਂ ਸੱਚੀਆਂ ਕਹਾਣੀਆਂ ਬਿਆਨ ਕਰਦੀ ਪੰਜਵੀਂ ਮੌਲਿਕ ਲਿਖਤ ਹੈ ਇਸਨੂੰ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਪ੍ਰਕਾਸ਼ਿਤ ਕੀਤੀ ਹੈ ਇਸਦੇ ਢੁਕਵੇਂ ਸਿਰਲੇਖ ਅਨੁਸਾਰ ਜ਼ਿੰਦਗੀ ਤੋਂ ਨਿਰਾਸ਼ ਹੋਏ ਵਿਅਕਤੀਆਂ ਦੇ ਅੰਧ ਵਿਸ਼ਵਾਸ ਵਿੱਚ ਗ੍ਰਸਤ ਹੋਇਆਂ ਨੂੰ ਬਾਹਰ ਕੱਢਣ ਨਾਲ ਸਬੰਧਿਤ ਵੀਹ ਕਹਾਣੀਆਂ ਵਰਗੇ ਲੇਖ ਹਨ ਜਿਹੜੇ ਅੱਜ ਦੇ ਸਮਾਜਿਕ ਜੀਵਨ ਤੇ ਚਾਨਣ ਪਾਉਂਦੇ ਹਨ ਕਿਵੇਂ ਸਵਾਰਥੀ ਬਣਿਆ ਮਨੁੱਖ ਲੋਕਾਂ ਨੂੰ ਲੁੱਟਣ ਦਾ ਕੋਈ ਮੌਕਾ ਨਹੀਂ ਖੁੰਝਾਉਂਦਾ ਉਸ ਲਈ ਸ਼ਰਮ ਇੱਕ ਨੰਬਰ ਦਾ ਸੌਦਾ ਬਣਿਆ ਹੋਇਆ ਹੈ ਲੇਖਾਂ ਅਨੁਸਾਰ ਜ਼ਿੰਦਗੀ ਤੋਂ ਨਿਰਾਸ਼ ਵਿਆਕਤੀ ਕਦੇ ਨਸ਼ੇ ਅਤੇ ਕਦੇ ਗ਼ਲਤ ਕੰਮਾਂ ਵੱਲ ਅਹੁੜਦਾ ਹੈ ਪਰ ਲੇਖਕ ਅਕਸਰ ਹੀ ਜ਼ਿੰਦਗੀ ਨਾਲੋਂ ਮੋਹ ਤੋੜ ਬੈਠੇ ਮਨੁੱਖਾਂ ਨੂੰ ਚੰਗੇ ਇਨਸਾਨ ਬਣਨ ਲਈ ਉਸਾਰੂ ਸੁਝਾਅ ਅਤੇ ਤਜ਼ਰਬੇਕਾਰ ਦਲੀਲਾਂ ਨਾਲ ਰੋਗ ਨਵਿਰਤ ਕਰਦਾ ਹੈ ਸਾਰੇ ਲੇਖਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਮਾਨਸਿਕ ਰੋਗਾਂ ਤੋਂ ਸੁਚੇਤ ਕਰਕੇ ਛੁਟਕਾਰਾ ਦਿਵਾਉਣਾ ਹੈ ਪੁਸਤਕ ਅਨੁਸਾਰ ਅੱਜ ਦਾ ਮਨੁੱਖ ਜ਼ਿਆਦਾਤਰ ਨਸ਼ੇ, ਨਜਾਇਜ਼ ਸਬੰਧਾਂ ਅਤੇ ਸੈਕਸ ਨਾਲ ਸੰਬੰਧਿਤ ਸਮੱਸਿਆਵਾਂ ਨਾਲ ਜੂਝਦਾ ਵਿਖਾਈ ਦੇ ਰਿਹਾ ਹੈ ਜੇਕਰ ਮਨੋਰੋਗ ਮਾਹਿਰ ਡਾਕਟਰ ਅਤੇ ਕਾਉਂਸਲਰ ਜ਼ਿੰਮੇਵਾਰ ਨਾਂਹ ਮਿਲਣ ਤਾਂ ਸਮਾਜ ਦਾ ਬੇੜਾ ਗ਼ਰਕ ਹੋ ਜਾਵੇਗਾ ਮਨੋਰੋਗ ਦਾ ਸ਼ਿਕਾਰ ਵਿਅਕਤੀਆਂ ਦੀ ਪਹਿਲਾਂ ਚੰਗੇ ਸਲਾਹਕਾਰ ਵੱਲੋਂ ਕੇਸ ਹਿਸਟਰੀ ਤਿਆਰ ਕੀਤੀ ਜਾਂਦੀ ਹੈ, ਫਿਰ ਕਾਉਂਸਲਰ ਅਤੇ ਡਾਕਟਰ ਆਪਣਾ ਸੁਝਾਅ ਦਿੰਦੇ ਹਨ।



ਰਜਿੰਦਰ ਸਿੰਘ ਰਾਜਨ
ਗੁਰੂ ਗੋਬਿੰਦ ਸਿੰਘ ਨਗਰ ਗਲੀ
ਨੰ. 1, ਹਰੇੜੀ ਰੋਡ ਸੰਗਰੂਰ
9876184954

ਸਾਡੇ ਦੇਸ਼ ਦੀ ਇਹ ਤ੍ਰਾਸਦੀ ਹੈ ਕਿ ਅਖੌਤੀ ਪੜ੍ਹੇ ਲਿਖੇ ਵੀ ਵਹਿਮਾਂ ਭਰਮਾਂ ਦੀ ਦਲਦਲ ਵਿੱਚ ਧਸੇ ਹੋਇਆਂ ਆਪਣੇ ਆਪ ਨੂੰ ਸਰਵਸ਼੍ਰੇਸ਼ਠ ਸਮਝਦੇ ਰਹਿੰਦੇ ਹਨ ਅੱਜ ਜ਼ਿੰਮੇਵਾਰੀਆਂ ਤੋਂ ਭੱਜਦਾ ਮਨੁੱਖ ਲੋਕ ਦਿਖਾਵੇ ਲਈ ਵਿਆਹ ਤਾਂ ਕਰਵਾ ਲੈਂਦਾ ਹੈ ਪਰ ਨਾਲ ਨਾਲ ਸਮਲੈਂਗਿਕ ਰਿਸ਼ਤਾ ਰੱਖਦਾ ਹੋਇਆ ਨੀਲਮ ਵਰਗੀ ਸੁਘੜ ਸਿਆਣੀ ਕੁੜੀ ਨਾਲ ਵਾਅਦੇ ਕਰਕੇ ਮੁਕਰ ਜਾਂਦਾ ਹੈ ਅਤੇ ਉਸਨੂੰ ਮਨੋਰੋਗੀ ਬਣਾ ਦਿੰਦਾ ਹੈ।

ਅੱਜ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਦਾ ਮਕਸਦ ਖਾਣਾ, ਪੀਣਾ ਅਤੇ ਭੋਗਣਾ ਹੀ ਰਹਿ ਗਿਆ ਹੈ ਅਗਾਂਹਵਧੂ ਸੋਚ ਤੋਂ ਹੀਣੀ ਹੋ ਬੀੜੀ, ਸਿਗਰਟ ਅਤੇ ਸ਼ਰਾਬ ਤੱਕ ਸੀਮਤ ਹੋ ਕੇ ਰਹਿ ਗਈ ਹੈ ਇਹ ਜਾਣਦੇ ਹੋਏ ਕਿ ਨਸ਼ਾ ਕਰਨ ਵਾਲਾ ਪਹਿਲਾਂ ਪਹਿਲ ਹੀਰੋ ਹੁੰਦਾ ਹੈ ਬਾਅਦ ਵਿੱਚ ਜ਼ੀਰੋ ਹੁੰਦਾ ਜਾਂਦਾ ਹੈ ਜਦੋਂ ਉਹ ਵਲਗਣਾਂ ਚੋਂ ਨਿਕਲਣਾ ਚਾਹੁੰਦਾ ਹੈ ਪਰ ਨਸ਼ਾ ਇਨਸਾਨ ਨੂੰ ਛੱਡਣਾ ਨਹੀਂ ਚਾਹੁੰਦਾ ।

ਅੱਜ ਹਰ ਹੱਥ ਵਿੱਚ ਮੋਬਾਇਲ ਤੇ ਦਿਖਾਈਆਂ ਹਵਾਈ ਉਡਾਰੀਆਂ ਘਰ ਦੇ ਵੱਡੀ ਉਮਰ ਦੇ ਵਿਅਕਤੀਆਂ ਲਈ ਸੰਤਾਪ ਬਣ ਜਾਂਦੀਆਂ ਹਨ ਮੋਬਾਈਲ ਸ਼ੱਕ ਦਾ ਕਾਰਨ ਬਣਦੇ ਹਨ ਅਤੇ ਸ਼ੱਕੀ ਖ਼ਿਆਲ ਹਮੇਸ਼ਾ ਮਨੋਰੋਗੀਆਂ ਨੂੰ ਆਉਂਦੇ ਹਨ ਕਿਵੇਂ ਨੂੰਹ ਸੱਸ ਦੀ ਘਰੇਲੂ ਲੜਾਈ ਅਤੇ ਨਜਾਇਜ਼ ਸਬੰਧਾਂ ਨੇ ਹਰ ਪਰਿਵਾਰ ਦੇ ਢਾਂਚੇ ਨੂੰ ਤਹਿਸ ਨਹਿਸ ਕਰ ਦਿੱਤਾ ਹੈ ਜਿੱਥੇ ਮੀਡੀਆ ਕਾਰਨ ਮਨੁੱਖ ਅਕਲ ਦੀ ਬੇੜੀ ਤੇ ਸਵਾਰ ਹੋਣਾ ਚਾਹੀਦਾ ਸੀ ਉਥੇ ਉਹ ਰਿਸ਼ਤਿਆਂ ਨੂੰ ਗੰਧਲੇ ਕਰਨ ਤੱਕ ਸੀਮਤ ਹੋ ਗਿਆ ਹੈ ਇਸਨੇ ਭਾਵੁਕਤਾ ਦੀ ਥਾਂ ਬੁੱਧੀ ਤੋਂ ਕੰਮ ਲੈਣਾ ਬੰਦ ਕਰ ਦਿੱਤਾ ਹੈ ਲੇਖਕ ਅਨੁਸਾਰ ਅਮੀਰ ਘਰਾਂ ਦੇ ਬੱਚੇ ਅਕਸਰ ਹੀ ਬਿਗੜ ਜਾਂਦੇ ਹਨ ਅਤੇ ਉਨ੍ਹਾਂ ਤੇ ਪਸ਼ੂ ਬਿਰਤੀ ਭਾਰੀ ਹੁੰਦੀ ਜਾਂਦੀ ਹੈ ਉਹ ਹਰ ਔਰਤ ਨੂੰ ਵਿਕਣ ਅਤੇ ਭੋਗਣ ਵਾਲੀ ਵਸਤੂ ਹੀ ਸਮਝਦੇ ਰਹਿੰਦੇ ਹਨ ਜੇਕਰ ਉਹ ਸੈਕਸ ਸਬੰਧਾਂ ਤੋਂ ਅਸਫ਼ਲ ਹੁੰਦੇ ਹਨ ਤਾਂ ਉਹ ਖ਼ੁਦ ਨੂੰ ਮਰਦਾਨਗੀ ਤੋਂ ਅਤੇ ਔਰਤਾਂ ਦੀਆਂ ਨਜ਼ਰਾਂ ਤੋਂ ਗਿਰਿਆ ਸਮਝਦੇ ਮਨੋਰੋਗੀ ਬਣ ਜਾਂਦੇ ਹਨ ਜ਼ਿਆਦਾਤਰ ਮੁੰਡੇ ਕੁੜੀਆਂ ਲੜਕਪਨ ਦੀ ਉਮਰ ਵਿੱਚ ਹੀ ਜੋਸ਼ ਵੱਧ ਅਤੇ ਹੋਸ਼ ਘੱਟ ਕਾਰਨ ਸੋਚਣ ਦਾ ਮੌਕਾ ਗਵਾ ਬੈਠਦੇ ਹਨ ਲੇਖਕ ਅਨੁਸਾਰ ਸਮਲੈਂਗਿਕ ਦਾ ਮੁੱਢ ਬਚਪਨ ਵਿੱਚ ਹੀ ਬੱਝ ਜਾਂਦਾ ਹੈ ਅਸਲੀ ਸਿੱਖਿਆ ਦੀ ਘਾਟ ਗ਼ਲਤ ਰਾਹਾਂ ਤੇ ਖੜਾ ਕਰ ਦਿੰਦੀ ਹੈ ਬੱਚਿਆਂ ਤੇ ਥੋਪੀਆਂ ਕਦਰਾਂ ਕੀਮਤਾਂ, ਇੱਜ਼ਤਦਾਰ ਬਣੇ ਰਹਿਣਾ, ਸਾਂਝਾ ਪਰਿਵਾਰ, ਕਿਸੇ ਦਾ ਉਲਾਂਭਾ ਨਹੀਂ ਆਉਣਾ ਚਾਹੀਦਾ ਆਦਿ ਬੇਮਤਲਬੀ ਬੰਦਿਸ਼ਾਂ ਬਾਲ ਮਨਾਂ ਤੇ ਉਨ੍ਹਾਂ ਦੇ ਵਿਕਾਸ ਦੇ ਰਾਹ 'ਚ ਰੁਕਾਵਟਾਂ ਪਾਉਂਦੀਆਂ ਹਨ।




' ਉਸ ਨੂੰ ਚੰਗੇ ਦਿਨ ਵੀ ਰਾਸ ਨਹੀਂ ਆਏ' ਲਿਖਤ ਵਿੱਚ ਇਸਤਰੀ ਦੇ ਜੀਵਨ ਤੇ ਪਰਿਵਾਰ ਦੇ ਮਾਹੌਲ ਦਾ ਅਸਰ ਹੁੰਦਾ ਹੈ ਜੇਕਰ ਪਤੀ ਨਸ਼ਈ ਅਤੇ ਲੜਾਕੂ ਹੋਵੇ ਤਾਂ ਉਹ ਡਰੂ ਬਣੀ ਰਹਿੰਦੀ ਹੈ, ਉਸਦੇ ਸਜਣ ਫੱਬਣ ਦੇ ਚਾਅ ਲੱਥ ਜਾਂਦੇ ਹਨ ਉਸਦੀ ਕਾਮਸ਼ਕਤੀ ਨਸ਼ਟ ਹੋ ਜਾਂਦੀ ਹੈ ਕਿਤਾਬ ਵਿਚ ਬਲਜੀਤ, ਜੀਨਤ, ਲੱਖੀ ਅਤੇ ਦੀਪੀ ਵਰਗੀਆਂ ਔਰਤਾਂ ਦੀਆਂ ਦੁੱਖ ਤਕਲੀਫਾਂ ਨੂੰ ਬਿਆਨ ਕੀਤਾ ਹੈ।

' ਖ਼ੁਦਾ ਮੁਆਫ਼ ਨਹੀਂ ਕਰੇਗਾ ' ਅੰਤਲੇ ਲੇਖ ਵਿੱਚ ਸਲੀਮ ਦੇ ਸਾਲੀ ਨਾਲ਼ ਨਜਾਇਜ਼ ਸੰਬੰਧਾਂ ਦਾ ਪਤਾ ਲਗਦਾ ਹੈ ਤਾਂ ਉਸਦਾ ਵਿਸ਼ਵਾਸ ਖੋਹਿਆ ਜਾਂਦਾ ਹੈ, ਉਹ ਨਜ਼ਰਾਂ ਤੋਂ ਗਿਰਿਆ ਮਹਿਸੂਸ ਕਰਦਾ ਹੈ ਇਥੇ ਇਕ ਸਾਧਾਰਨ ਵਿਅਕਤੀ ਜਦ ਖ਼ੁਦਾ ਦੇ ਰਾਹ ਪੈਂਦਾ ਹੈ ਤਾਂ ਉਹ ਦੋਜ਼ਖ਼ ਦੇ ਰਾਹ ਤੋਂ ਬਚਣ ਬਾਰੇ ਹੀ ਸੋਚਦਾ ਰਹਿੰਦਾ ਮਾਨਸਿਕਤਾ ਗੁਆ ਬੈਠਦਾ ਹੈ ਸਾਰੀਆਂ ਕਹਾਣੀਆਂ ਆਮ ਘਰਾਂ ਦੀਆਂ ਕਹਾਣੀਆਂ ਹਨ ਜਿਹੜੇ ਪਰਿਵਾਰ ਡਾਕਟਰ ਦੀ ਮਦਦ ਅਤੇ ਯੋਗ ਸਲਾਹ ਲੈ ਲੈਂਦੇ ਹਨ ਉਹ ਤਾਂ ਬਚ ਜਾਂਦੇ ਹਨ ਜਿਹੜੇ ਦੂਜੇ ਰਸਤੇ ਅੰਧਵਿਸ਼ਵਾਸੀ ਚੁਣ ਲੈਂਦੇ ਹਨ ਉਨ੍ਹਾਂ ਕੋਲ ਪਛਤਾਵੇ ਤੋਂ ਸਿਵਾ ਕੁਝ ਨਹੀਂ ਰਹਿੰਦਾ ਇਸ ਕਿਤਾਬ ਦਾ ਪਾਠ ਕਰਦਿਆਂ ਰਾਜਾ ਰਾਮ ਹੰਡਿਆਇਆ ਜੀ ਮਾਨਸਿਕ ਰੋਗਾਂ ਦੇ ਇੱਕ ਚੰਗੇ ਸਲਾਹਕਾਰ ਅਤੇ ਵਧੀਆ ਮਾਹਿਰ ਸਿੱਧ ਹੁੰਦੇ ਹਨ ਆਪਣੀ ਉਮਰ ਦੇ ਤਜ਼ਰਬੇ ਨਾਲ ਮਰੀਜ਼ਾਂ ਦੇ ਮਨ ਜਿੱਤਦੇ ਹਨ ਅਤੇ ਲੰਮੀ ਉਮਰ ਦੀਆਂ ਦੁਆਵਾਂ ਲਈਆਂ ਹਨ।

ਮੇਰੀ ਰਾਇ ਹੈ ਕਿ ਹਰ ਅੱਲੜ ਉਮਰ ਦੇ ਮੁੰਡੇ ਕੁੜੀਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ ਕਿਉਂਕਿ ਪੰਜਾਬੀ ਸਾਹਿਤ ਵਿੱਚ ਸੈਕਸ ਬਾਰੇ ਜਾਣਕਾਰੀ ਬਹੁਤ ਘੱਟ ਮਿਲਦੀ ਹੈ ਪੰਜਾਬ ਸਰਕਾਰ ਦੀ ਚੱਲ ਰਹੀ ਮੁਹਿੰਮ ' ਯੁੱਧ ਨਸ਼ਿਆਂ ਵਿਰੁੱਧ ' ਲਈ ਵੀ ਕਾਰਗਰ ਸਿੱਧ ਹੋ ਸਕਦੀ ਕਿਉਂਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਲਈ ਮਾਨਸਿਕ ਰੋਗਾਂ ਦੇ ਹਸਪਤਾਲ ਵਧੀਆ ਭੂਮਿਕਾ ਅਦਾ ਕਰ ਸਕਦੇ ਹਨ।

# ਮੋਬਾਇਲ ਫੋਨ- ਇੱਕ ਵਰਦਾਨ ਜਾਂ ਸਰਾਪ?

ਆਧੁਨਿਕ ਸਮੇਂ ਵਿੱਚ ਜੇ ਦੇਖਿਆ ਜਾਵੇ ਤਾਂ ਵਿਗਿਆਨ ਦੀਆਂ ਨਵੀਆਂ ਨਵੀਆਂ ਕਾਢਾ ਨੇ ਦੇਸ਼ ਦਾ ਮੂੰਹ ਮੁਹਾਦਰਾ ਹੀ ਬਦਲ ਕੇ ਰੱਖ ਦਿੱਤਾ ਹੈ ਜ਼ਿੰਦਗੀ ਦੀ ਰੇਲ ਤੇਜ਼ ਰਫਤਾਰ ਨਾਲ ਦੌੜਨ ਲੱਗ ਗਈ ਵਿਗਿਆਨ ਦੀਆਂ ਕਾਢਾਂ ਦਾ ਕੀਤਾ ਗਿਆ ਸਹੀ ਪ੍ਰਯੋਗ ਮਨੁੱਖ ਲਈ ਵਰਦਾਨ ਸਾਬਿਤ ਹੁੰਦਾ ਹੈ ਅੱਜ ਦੇ ਸਮੇਂ ਵਿੱਚ ਜੇ ਦੇਖਿਆ ਜਾਵੇ ਤਾਂ ਇਹਨਾਂ ਕਾਢਾਂ ਵਿੱਚੋਂ ਮਹੱਤਵਪੂਰਨ ਇੱਕ ਕਾਢ ਹੈ:- ਮੋਬਾਈਲ ਫੋਨ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਇੱਕ ਉਮਰ ਦਾ ਵਿਅਕਤੀ ਇਸ ਦਾ ਪ੍ਰਯੋਗ ਕਰਦਾ ਹੈ ਮੋਬਾਇਲ ਫੋਨ ਅੱਜ ਦੇ ਸਮੇਂ ਵਿੱਚ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਬਣ ਚੁੱਕਾ ਹੈ ਇਸ ਦਾ ਕੀਤਾ ਗਿਆ ਸਹੀ ਪ੍ਰਯੋਗ ਮਨੁੱਖ ਨੂੰ ਦੋ ਕਦਮ ਅੱਗੇ ਰੱਖਦਾ ਹੈ ਪ੍ਰੰਤੂ ਇਸ ਦਾ ਕੀਤਾ ਗਿਆ ਦੁਰਉਪਯੋਗ ਚਾਰ ਕਦਮ ਪਿੱਛੇ ਵੀ ਕਰਦਾ ਹੈ।

ਪੁਰਾਤਨ ਸਮੇਂ ਵਿੱਚ ਚਿੱਠੀ ਪੱਤਰ ਰਾਹੀਂ ਸੁਨੇਹਾ ਜਾਂ ਸੰਦੇਸ਼ ਦੂਰ ਦੁਰਾਡੇ ਸਕੇ ਸਬੰਧੀਆਂ ਤੱਕ ਪੁੱਜਦੇ ਸਨ ਪ੍ਰੰਤੂ ਮੋਬਾਈਲ ਫੋਨ ਦੇ ਆਉਣ ਨਾਲ ਇਹ ਕੰਮ ਸੌਖਾ ਹੋ ਗਿਆ ਹੈ ਹੁਣ ਅਸੀਂ ਦੂਰ ਦੁਰਾਡੇ, ਦੇਸ਼ ਵਿਦੇਸ਼ ਬੈਠੇ ਆਪਣੇ ਸਕੇ ਸਬੰਧੀਆਂ ਨਾਲ ਮਿੰਟਾਂ ਸਕਿੰਟਾਂ ਵਿੱਚ ਗੱਲਬਾਤ ਕਰ ਸਕਦੇ ਹਾਂ ਉਹਨਾਂ ਦਾ ਹਾਲ ਚਾਲ ਜਾਣ ਸਕਦੇ ਹਾਂ ਅਤੇ ਆਪਣਾ ਹਾਲ ਚਾਲ ਦੱਸ ਸਕਦੇ ਹਾਂ ਫੇਸਬੁਕ, ਵਟਸਐਪ, ਗੂਗਲ, ਟਵਿਟਰ ਆਦੀ ਤੇ ਇੰਟਰਨੈਟ ਦੀ ਵਰਤੋਂ ਕਰਕੇ ਅਸੀਂ ਆਪਣੀ ਜਰੂਰੀ ਗੱਲਬਾਤ ਸਾਂਝੀ ਕਰਦੇ ਹਾਂ ਤੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਆਪਣੇ ਸਕੇ ਸਬੰਧੀਆਂ ਦੇ ਨੇੜੇ ਹੋਣ ਦਾ ਅਹਿਸਾਸ ਕਰਦੇ ਹਾਂ ਅੱਜ ਦੇ ਸਮੇਂ ਵਿੱਚ ਮੋਬਾਇਲ ਫੋਨ ਨੇ ਵੀਡੀਓ ਕਾਨਫਰਸਿੰਗ ਦੁਆਰਾ ਮਨੁੱਖ ਨੂੰ ਇੱਕ ਦੂਜੇ ਦੇ ਨਜ਼ਦੀਕ ਕੀਤਾ ਹੈ ਦੇਖਿਆ ਜਾਵੇ ਤਾਂ ਪੁਰਾਣੇ ਸਮੇਂ ਵਿੱਚ ਬੱਚੇ ਜਦੋਂ ਕਿਤੇ ਘਰੋਂ ਬਾਹਰ ਪੜ?ਨ ਜਾਂਦੇ ਸਨ ਜਾਂ ਦੇਸ਼ ਵਿਦੇਸ਼ ਵਿੱਚ ਜਾਂਦੇ ਸਨ ਤਾਂ ਮਾਂ ਬਾਪ ਉਹਨਾਂ ਨੂੰ ਦੇਖਣ ਤੋਂ ਤਰਸਦੇ ਰਹਿੰਦੇ ਸਨ ਪਰੰਤੂ ਅੱਜ ਮੋਬਾਇਲ ਦੇ ਆਉਣ ਨਾਲ ਉਹ ਵੀਡੀਓ ਕਾਲ ਰਾਹੀਂ ਆਪਣੇ ਬੱਚਿਆਂ ਨਾਲ ਗੱਲਬਾਤ ਕਰ ਸਕਦੇ ਹਨ ਅਤੇ ਬੱਚੇ ਵੀ ਆਪਣੇ ਮਾਂ ਬਾਪ ਨਾਲ ਦੁੱਖ ਸੁੱਖ ਸਾਂਝਾ ਕਰ ਸਕਦੇ ਹਨ ਇਸ ਤਰ੍ਹਾਂ ਮਾਪੇ ਦੇਸ਼ ਵਿਦੇਸ਼ ਵਿੱਚ ਬੈਠੇ ਆਪਣੇ ਬੱਚਿਆਂ ਨੂੰ ਵੀਡੀਓ ਕਾਲ ਤੇ ਦੇਖ ਕੇ ਖੁਸ਼ ਹੁੰਦੇ ਹਨ ਅਤੇ ਉਹਨਾਂ ਦੇ ਮਨ ਨੂੰ ਸਕੂਨ ਮਿਲਦਾ ਹੈ ਮਾਪੇ ਅਤੇ ਬੱਚੇ ਇੱਕ ਦੂਜੇ ਦੇ ਕੋਲ ਹੋਣ ਦਾ ਅਹਿਸਾਸ ਕਰਦੇ ਹਨ।

ਮੋਬਾਇਲ ਫੋਨ ਦੁਆਰਾ ਅਸੀਂ ਇੰਟਰਨੈਟ ਦੀ ਵਰਤੋਂ ਕਰਕੇ ਦੇਸ਼ ਵਿਦੇਸ਼ ਵਿੱਚ ਹਰ ਰੋਜ਼ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਦੇਸ਼ ਵਿਦੇਸ਼ ਦੀ ਅਰਥ ਵਿਵਸਥਾ, ਮੌਸਮ ਸਬੰਧੀ ਜਾਣਕਾਰੀ,ਰਾਜਨੀਤਿਕ ਮਸਲੇ ਆਦਿ ਸਭ ਬਾਰੇ ਘਰ ਬੈਠੇ ਜਾਣਕਾਰੀ ਪ੍ਰਾਪਤ ਕਰਦੇ ਹਾਂ ਇਸ ਤਰ੍ਹਾਂ ਮੋਬਾਈਲ ਫੋਨ ਸਾਨੂੰ ਸਮੇਂ ਦਾ ਹਾਣੀ ਬਣਾਉਂਦਾ ਹੈ ਇਹ ਮਨੋਰੰਜਨ ਦਾ ਸਾਧਨ ਵੀ ਹੈ ਇਸ ਦੁਆਰਾ ਗਾਣੇ ਸੁਣਨੇ,ਫਿਲਮਾਂ ਦੇਖਣ ਗੇਮ ਖੇਡਣ ਆਦਿ ਦਾ ਆਨੰਦ ਲਿਆ ਜਾ ਸਕਦਾ ਹੈ।

ਅਸੀਂ ਬਹੁਤ ਸਮੇਂ ਤੋਂ ਸੁਣਦੇ ਆ ਰਹੇ ਹਾਂ ਕਿ ਹਰ ਇੱਕ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ ਭਾਵ ਕਿ ਜੇਕਰ ਮੋਬਾਇਲ ਫੋਨ ਮਨੁੱਖ ਲਈ ਵਰਦਾਨ ਹੈ ਤਾਂ ਇਸ ਦਾ ਕੀਤਾ ਗਿਆ ਇਸ ਦਾ ਕੀਤਾ ਗਿਆ ਗਲਤ ਪ੍ਰਯੋਗ ਸਰਾਪ ਵੀ ਬਣ ਸਕਦਾ ਹੈ। ਅੱਜ ਦੇ ਸਮੇਂ ਵਿੱਚ ਮੋਬਾਇਲ ਫੋਨ ਦੀ ਸਹੀ ਵਰਤੋਂ ਦੀ ਬਜਾਏ ਦੁਰਵਰਤੋਂ ਜਿਆਦਾ ਹੋਣ ਲੱਗੀ ਹੈ ਇਸ ਦਾ ਅਸਰ ਵਿਦਿਆਰਥੀ ਵਰਗ, ਨੌਜਵਾਨ ਪੀੜ੍ਹੀ ਤੇ ਜ਼ਿਆਦਾ ਪੈ ਰਿਹਾ ਹੈ ਦੇਖਣ ਵਿੱਚ



**ਪਵਨ ਕੁਮਾਰ ਅੱਤਰੀ**

ਕੰਪਿਊਟਰ ਫੈਕਲਟੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਪਰਮਜੀਤਪੁਰ (ਕਪੂਰਥਲਾ)
ਮੋ. ਨੰ. 8427791277

ਆਉਂਦਾ ਹੈ ਕਿ ਅੱਜ ਦੇ ਬੱਚਿਆਂ ਦੇ ਨੌਜਵਾਨ ਇਸ ਦਾ ਸਹੀ ਪ੍ਰਯੋਗ ਨਹੀਂ ਕਰਦੇ ਉਹ ਆਪਣਾ ਬਹੁਤਾ ਸਮਾਂ ਦੋਸਤਾਂ ਮਿੱਤਰਾਂ ਨਾਲ ਵੇਹਲੀਆਂ ਤੇ ਫਾਲਤੂ ਗੱਲਾਂ ਕਰਨ ਵਿੱਚ ਗੁਆ ਰਹੇ ਹਨ ਫੇਸਬੁਕ ਤੇ ਅਣਜਾਣ ਲੋਕਾਂ ਨਾਲ ਦੋਸਤੀ ਕਰਨ ਗੱਲਾਂ ਕਰਨ ਵਿੱਚ ਸਮਾਂ ਬਰਬਾਦ ਕਰ ਰਹੇ ਹਨ ਜਿਸ ਦਾ ਉਹਨਾਂ ਨੂੰ ਬਾਅਦ ਵਿੱਚ ਨੁਕਸਾਨ ਵੀ ਉਠਾਉਣਾ ਪੈ ਸਕਦਾ ਹੈ ਅਸ਼ਲੀਲ ਫਿਲਮਾਂ ਦੇਖਣ,ਅਸ਼ਲੀਲ ਫੋਟੋਆਂ ਦੇਖਣ ਵਿੱਚ ਨੌਜਵਾਨ ਪੀੜ੍ਹੀ ਆਪਣਾ ਸਮਾਂ ਖਰਾਬ ਕਰ ਰਹੀ ਹੈ ਇਸ ਨਾਲ ਉਹਨਾਂ ਦੀ ਮਾਨਸਿਕਤਾ ਤੇ ਬਹੁਤ ਬੁਰਾ ਅਸਰ ਪੈਂਦਾ ਹੈ ਅਜੋਕੇ ਸਮੇਂ ਵਿੱਚ ਦੇਖਣ ਵਿੱਚ ਆਉਂਦਾ ਹੈ ਕਿ ਬੱਚੇ ਤੱਕ ਦੇ ਹੱਥ ਵਿੱਚ ਮੋਬਾਈਲ ਫੋਨ ਹੈ ਇਸ ਤੇ ਜ਼ਿੰਮੇਵਾਰ ਉਨਾਂ ਦੇ ਮਾਪੇ ਹਨ ਜੋ ਸਮਾਂ ਵਿਦਿਆਰਥੀਆਂ ਦਾ ਪੜ੍ਹਨ ਦਾ ਹੈ ਉਹੀ ਸਮਾਂ ਮੋਬਾਇਲ ਫੋਨ ਦੀ ਗਲਤ ਵਰਤੋਂ ਕਰਕੇ ਖਰਾਬ ਕਰ ਰਹੇ ਹਨ ਅੱਜ ਕੱਲ ਦੇ ਨੌਜਵਾਨ ਮੁੰਡੇ ਕੁੜੀਆਂ ਇਸ ਹੱਦ ਤੱਕ ਮੋਬਾਇਲ ਵਿੱਚ ਮਗਨ ਹੁੰਦੇ ਹਨ ਕਿ ਉਹਨਾਂ ਨੂੰ ਆਪਣੇ ਆਲੇ ਦੁਆਲੇ ਕੀ ਵਾਪਰ ਰਿਹਾ ਹੈ ਕੁਝ ਪਤਾ ਨਹੀਂ ਹੁੰਦਾ ਦੇਸ਼ ਦੁਨੀਆ ਦਾ ਤਾਂ ਪਤਾ ਹੀ ਕੀ ਹੋਵੇਗਾ?

ਅੱਜ ਦੇ ਸਮੇਂ ਵਿੱਚ ਮੋਬਾਇਲ ਫੋਨ ਨੇ ਲੋਕਾਂ ਨੂੰ ਇੱਕ ਦੂਜੇ ਦੇ ਨਜ਼ਦੀਕ ਤਾਂ ਕੀਤਾ ਹੈ ਪ੍ਰੰਤੂ ਸੱਚ ਇਹ ਵੀ ਹੈ ਕਿ ਜੋ ਨੇੜੇ ਹਨ ਉਹ ਵੀ ਇੱਕ ਦੂਜੇ ਤੋਂ ਦੂਰ ਹੁੰਦੇ ਜਾ ਰਹੇ ਹਨ ਅੱਜ ਦੇ ਟਾਈਮ ਵਿੱਚ ਪਰਿਵਾਰ ਦੇ ਹਰ ਇੱਕ ਮੈਂਬਰ ਕੋਲ ਆਪਣਾ ਫੋਨ ਹੈ ਕਿਸੇ ਕੋਲ ਕਿਸੇ ਲਈ ਟਾਈਮ ਨਹੀਂ ਪੁਰਾਤਨ ਸਮੇਂ ਵਿੱਚ ਲੋਕ ਇਕੱਠੇ ਬੈਠ ਕੇ ਗੱਲਾਂ ਬਾਤਾਂ ਕਰਦੇ ਸਨ ਉਹ ਹੁਣ ਅਲੋਪ ਹੋ ਰਿਹਾ ਹੈ ਕਿਉਂਕਿ ਸਭ ਕੋਲ ਆਪਣੇ ਆਪਣੇ ਫੋਨ ਹਨ ਉਹ ਆਪਣੇ ਫੋਨ ਵਿੱਚ ਮਸਤ ਹਨ ਬੱਚੇ ਆਪਣੇ ਫੋਨ ਵਿੱਚ ਮਸਤ ਹਨ ਮਾਂ ਬਾਪ ਆਪਣੇ ਫੋਨ ਵਿੱਚ ਮਸਤ ਹਨ ਪੁਰਾਣੇ ਸਮੇਂ ਵਿੱਚ ਬੱਚੇ ਆਪਣੇ ਦਾਦੇ ਦਾਦੀਆਂ ਕੋਲ ਬੈਠ ਕੇ ਪੁਰਾਣੀਆਂ ਬਾਤਾਂ ਅਤੇ ਕਹਾਣੀਆਂ ਸੁਣਦੇ ਸਨ ਜੋ ਕਿ ਅੱਜ ਕੱਲ ਵੇਖਣ ਵਿੱਚ ਨਹੀਂ ਆਉਂਦਾ ਕਿਉਂਕਿ ਬੱਚੇ ਆਪਣੇ ਵੱਡੇ ਵਡੇਰਿਆਂ ਕੋਲ ਬੈਠਣ ਦੀ ਜਗ੍ਹਾ ਤੇ ਮੋਬਾਇਲ ਫੋਨ ਵਿੱਚ ਜਿਆਦਾ ਸਮਾਂ ਬਤੀਤ ਕਰਦੇ ਹਨ।

ਮੋਬਾਇਲ ਫੋਨ ਵਿੱਚ ਬਹੁਤ ਸਾਰੀਆਂ ਨੁਕਸਾਨਦਾਇਕ ਐਪ ਵੀ ਹਨ ਜੋ ਕਿ ਅੱਜ ਕੱਲ ਦੇ ਨੌਜਵਾਨ ਅਤੇ ਵਿਦਿਆਰਥੀ ਇਸ ਦੀ ਵਰਤੋਂ ਕਰਦੇ ਹਨ ਆਨਲਾਈਨ ਗੇਮਾਂ ਖੇਡਣ ਵਾਲੀਆਂ ਐਪ,ਜੂਆ ਖੇਡਣ ਵਾਲੀਆਂ ਐਪ ਦੀ ਵਰਤੋਂ ਨੌਜਵਾਨ ਪੀੜ੍ਹੀ ਜਿਆਦਾ ਕਰਦੀ ਹੈ ਉਹਨਾਂ ਨੂੰ ਆਪਣੀ ਉਮਰ ਦੇ ਹਿਸਾਬ ਨਾਲ ਇਹ ਸਭ ਕੁਝ ਬਹੁਤ ਵਧੀਆ ਲੱਗਦਾ ਹੈ ਪਰੰਤੂ ਇਸ ਦਾ ਬਹੁਤ ਵੱਡਾ ਨੁਕਸਾਨ ਵੀ ਹੋ ਸਕਦਾ ਅਸੀਂ ਕਈ ਵਾਰ ਖਬਰਾਂ ਵਿੱਚ ਪੜ?ਦੇ ਹਾਂ ਕਿ ਕਿਸੇ ਗੇਮ ਦੇ ਖੇਡਣ ਨਾਲ ਜਾਂ ਜੂਏ ਵਾਲੀਆਂ ਐਪ ਦੀ ਵਰਤੋਂ ਕਰਨ ਨਾਲ ਕਈ ਲੋਕ ਬਹੁਤ ਸਾਰੇ ਪੈਸੇ ਲੁਟਾ ਲੈਂਦੇ ਹਨ ਮੋਬਾਇਲ ਫੋਨ ਦੀ ਜਿਆਦਾ ਵਰਤੋਂ ਨਾਲ ਸਾਈਬਰ ਕਰਾਈਮ ਦੇ ਮਾਮਲੇ ਵੱਧ ਰਹੇ ਹਨ ਅਤੇ ਆਨਲਾਈਨ ਲੁੱਟ ਜਿਆਦਾ ਹੋ ਰਹੀ ਹੈ ਮੋਬਾਇਲ ਫੋਨ ਦੇ ਦੁਆਰਾ ਹੀ ਕਈ ਲੋਕ ਲੱਖਾਂ-ਕਰੋੜਾਂ ਰੁਪਏ ਦੀ ਠੱਗੀ ਦਾ ਸ਼ਿਕਾਰ ਹੁੰਦੇ ਹਨ।

ਨਿਸ਼ਕਰਸ਼:- ਨੌਜਵਾਨ ਪੀੜ੍ਹੀ ਨੂੰ ਇਸ ਦਾ ਸਹੀ ਇਸਤੇਮਾਲ ਕਰਨਾ ਚਾਹੀਦਾ ਹੈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ ਤੋਂ ਜਿੰਨਾ ਹੋ ਸਕੇ ਦੂਰ ਰੱਖਣ ਇਸ ਦੇ ਫਾਇਦੇ ਨੁਕਸਾਨ ਬਾਰੇ ਉਹਨਾਂ ਨੂੰ ਜਾਣੂ ਕਰਵਾਉਣ ਅੱਜ ਦੇ ਸਮੇਂ ਵਿੱਚ ਜੇ ਵਿਦਿਆਰਥੀ ਵਰਗ ਚਾਹਵੇ ਤਾਂ ਉਹ ਇਸ ਦਾ ਸਹੀ ਪ੍ਰਯੋਗ ਕਰਕੇ ਸਮੇਂ ਦਾ ਹਾਣੀ ਬਣ ਸਕਦਾ ਹੈ ਕਿਉਂਕਿ ਮੋਬਾਈਲ ਫੋਨ ਤੇ ਇੰਟਰਨੈਟ ਦੀ ਮਦਦ ਨਾਲ ਅਸੀਂ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਹਾਸਿਲ ਕਰ ਸਕਦੇ ਹਾਂ ਜੋ ਕਿ ਵਿਦਿਆਰਥੀ ਵਰਗ ਲਈ ਬਹੁਤ ਹੀ ਲਾਹੇਵੰਦ ਹੈ।

ਮੋਬਾਇਲ ਫੋਨ ਵਿਗਿਆਨ ਦੀ ਇੱਕ ਬਹੁਤ ਵਧੀਆ ਕਾਢ ਹੈ ਜੇਕਰ ਇਸਦੀ ਸਹੀ ਵਰਤੋਂ ਕੀਤੀ ਜਾਵੇ ਪਰ ਇਸ ਦੀ ਗ਼ਲਤ ਜਾਂ ਵਧੇਰੇ ਵਰਤੋਂ ਕੀਤੀ ਜਾਵੇ ਤਾਂ ਇਹ ਨੁਕਸਾਨ ਦਾਇਕ ਵੀ ਸਾਬਿਤ ਹੋ ਸਕਦਾ ਹੈ ਇਸ ਕਰਕੇ ਮੋਬਾਇਲ ਫੋਨ ਦੀ ਵਰਤੋਂ ਵਿੱਚ ਸੰਜੀਦਗੀ ਤੇ ਸੰਤੁਲਨ ਬਣਾਈ ਰੱਖਣਾ ਜਰੂਰੀ ਹੈ।

ਸੋ ਲੋੜ ਹੈ, ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵਿਗਿਆਨ ਦੇ ਇਸ ਬਖਸ਼ੇ ਹੋਏ ਵਰਦਾਨ ਦੀ ਉਚਿੱਤ ਤੇ ਯੋਗ ਵਰਤੋਂ ਕਰਨ ਦੀ ਅਤੇ ਇਸ ਨੂੰ ਸਮਝਣ ਦੀ ਕਿ ਮੋਬਾਈਲ ਫੋਨ ਸਾਡੇ ਲਈ ਹੈ ਅਸੀਂ ਮੋਬਾਇਲ ਫੋਨ ਲਈ ਨਹੀਂ।

## ਕੀ ਕਰਾਂ ਸਮਝ ਨਾ ਆਵੇ

ਕੀ ਕਰਾਂ ਸਮਝ ਨਾ ਆਵੇ,
ਮਨ ਵੀ ਮੇਰਾ ਭਰ ਭਰ ਜਾਵੇ
ਉਹਦੇ ਧੋਖੇ ਕੋਲੇ ਰੱਖੇ,
ਮੈਨੂੰ ਆਪਣੇ ਤੇ ਯਕੀਨ ਨਾ ਆਵੇ
ਸਭ ਸੱਧਰਾ ਗੁਆਚ ਗਈਆ ਨੇ,
ਹਾਸਿਆ ਨੂੰ ਨਜ਼ਰ ਲੱਗ ਲੱਗ ਜਾਵੇ
ਮੈਂ ਮੁਹੱਬਤ ਕਾ ਕਾਸਾ ਸੀ ਫੜਿਆ,
ਉਹ ਕਿਉ ਖਾਲੀ ਕਰ ਕਰ ਜਾਵੇ
ਰੱਬਾ ਤੇਰੀ ਦੁਨੀਆਂ ਦੇ ਵਿੱਚ,
ਕਿਉਂ ਕਿਸੇ ਨੂੰ ਡਰ ਨਾ ਆਵੇ
ਪਹਿਲਾਂ ਕਹਿੰਦਾ ਸੀ ਤੂੰ ਹੈ ਮੇਰੀ,
ਹੁਣ ਕਿਉਂ ਕਿਸੇ ਤੇ ਮਰ ਮਰ ਜਾਵੇ
ਸੰਗਾ ਸ਼ਰਮਾਂ ਲਾਹ ਦਿੱਤੀਆਂ ਨੇ,
ਇਸ਼ਕ ਵੀ ਹੁਣ ਤਾਂ ਘਰ ਘਰ ਜਾਵੇ
ਕਿੰਨੇ ਧੋਖੇ ਮੈਨੂੰ ਦਿੱਤੇ,
ਦਿਲ ਚੰਦਰਾਂ ਫਿਰ ਵੀ ਮਰ ਮਰ ਜਾਵੇ
ਸਮਝ ਨੀ ਆਉਂਦੀ ਕੀ ਏ ਕਹਾਣੀ,
ਉਹਨੂੰ ਮੰਗਣ ਲਈ ਦਿਲ ਦਰ ਦਰ ਜਾਵੇ
ਕੀ ਕਰਾਂ ਸਮਝ ਨਾ ਆਵੇ,
ਮਨ ਵੀ ਮੇਰਾ ਭਰ ਭਰ ਜਾਵੇ



**ਸੀਮਾ ਰਾਣੀ**
**ਬਰਨਾਲਾ**

## ਘੱਲੂਘਾਰਾ ਦਿਵਸ (ਸੱਚੋ ਸੱਚ)

ਅੱਜ ਘੱਲੂਘਾਰਾ ਦਿਵਸ ਆਇਆ ਜੀ
ਰਲ਼ ਮਿਲ਼ ਸੰਗਤਾਂ ਨੇ ਮਨਾਇਆ ਜੀ
ਬਾਬਾ ਧੁੰਮਾ ਪਾ ਕੇ ਪਹਿਲਾਂ ਰੱਫੜ ਬਹਿ ਗਿਆ
ਜਥੇਦਾਰ ਨਾ ਬੋਲੇ ਕਮੇਟੀ ਨੂੰ ਕਹਿ ਗਿਆ

ਪ੍ਰਧਾਨ ਸਾਬ ਨੂੰ ਵੀ ਉੱਪਰੋਂ ਹੁਕਮ ਆਇਆ
ਮਹਿਤੇ ਜਾ ਉਸਨੇ ਬਾਬੇ ਨੂੰ ਮਨਾਇਆ
ਪ੍ਰਧਾਨ ਡੇਰੇਦਾਰ ਦੇ ਪੈਰਾਂ ਵਿੱਚ ਬਹਿ ਗਿਆ
ਹੁਣ ਫਿਰ ਦੱਸੋ ਕੀ ਹੈ ਪਿੱਛੇ ਰਹਿ ਗਿਆ

ਪ੍ਰਧਾਨ ਲੇਲੜੀਆਂ ਜਿਹੀਆਂ ਕੱਢਦਾ ਦਿਸਿਆ
ਬਾਬਾ ਮੁਸ਼ਕਣੀ ਜਿਹਾ ਹਾਸਾ ਹੱਸਦਾ ਦਿਸਿਆ
ਭਿੰਡਰਾਂ ਵਾਲਿਆਂ ਦੀ ਹਨ ਯਾਦ ਮਨਾਉਂਦੇ
ਉਹਨਾਂ ਦੇ ਵਾਰਸ ਹੀ ਹਨ ਖਿੱਲੀ ਉਡਾਉਂਦੇ

ਇਹੀ ਬਾਬਾ ਕਰਦਾ ਸੀ ਉਨ੍ਹਾਂ ਲਈ ਅਰਦਾਸਾਂ
ਹੁਣ ਆਪਣੇ ਸੱਜਣਾਂ ਤੋਂ ਕਿਉਂ ਵੱਟਿਆ ਪਾਸਾ

ਕੋਈ ਹੋਰ ਗੋਲਕ ਤੇ ਚੜ੍ਹ ਕੇ ਬਹਿਜੂ
ਬਰਛੇ ਆਲਾ ਝੱਟ ਮਗਰ ਹੀ ਪੈਜੂ

ਉਞ ਕਹਿੰਦੇ ਅਕਾਲ ਤਖਤ ਹੈ ਮਹਾਨ
ਉੱਥੇ ਜਾ ਕੇ ਫਿਰ ਕਿਉਂ ਪਾਉਂਦੇ ਘਸਮਾਨ
ਗੁਰਬਾਣੀ ਅਨੁਸਾਰ ਗੱਜਿਆ ਗੜਗੱਜ
ਕੁੰਭੀਆਂ ਦਾ ਟੋਲਾ ਗਿਆ ਫਿਰ ਭੱਜ

ਕਰ ਦਿਓ ਕਿਰਪਾ ਬੱਬੀ ਉੱਤੇ ਗੁਰੂ ਜੀ
ਸਿੱਖ ਕੌਮ ਦੀ ਏਕਤਾ ਹੋ ਜਾਵੇ ਸ਼ੁਰੂ ਜੀ



## ਤਿੰਨ ਮਿੰਨੀ ਕਹਾਣੀਆਂ

# ਸੋਹਣੇ, ਸੁਨੱਖੇ ਮੁੰਡੇ

ਗੁਰਵਿੰਦਰ ਦੀ ਇਹ ਦਿਲੀ ਇੱਛਾ ਸੀ ਕਿ ਉਸ ਦਾ ਵਿਆਹ ਕਿਸੇ ਸੋਹਣੇ, ਸੁਨੱਖੇ ਮੁੰਡੇ ਨਾਲ ਹੋਵੇ ਆਖਰ ਉਸ ਦੀ ਇਹ ਇੱਛਾ ਪੂਰੀ ਹੋ ਗਈ ਉਸ ਦਾ ਵਿਆਹ ਕੁੱਲੇਵਾਲ ਪਿੰਡ ਵਿੱਚ ਸੋਹਣੇ, ਸੁਨੱਖੇ ਸ਼ਾਮ ਨਾਲ ਹੋ ਗਿਆ ਉਸ ਨੇ ਸ਼ਾਮ ਦਾ ਘਰ ਬਾਰ ਦੇਖਣ ਦੀ ਵੀ ਲੋੜ ਨਹੀਂ ਸੀ ਸਮਝੀ ਉਸ ਦਾ ਵਿਆਹ ਹੋਏ ਨੂੰ ਤਿੰਨ ਮਹੀਨੇ ਹੀ ਹੋਏ ਸਨ ਕਿ ਉਸ ਨੂੰ ਸ਼ਾਮ ਦੇ ਘਰ ਦੀ ਅਸਲੀਅਤ ਦਾ ਪਤਾ ਲੱਗ ਗਿਆ ਸ਼ਾਮ ਆਪਣੇ ਵੱਡੇ ਭਰਾ ਅਤੇ ਛੋਟੇ ਭਰਾ ਨਾਲ ਮਿਲ ਕੇ ਕੰਮ ਕਰਦਾ ਸੀ ਤਿੰਨਾਂ ਨੂੰ ਜੋ ਕੁੱਝ ਮਿਲਦਾ, ਉਹ ਵੱਡਾ ਭਰਾ ਰੱਖ ਲੈਂਦਾ ਤੇ ਅੱਗੇ ਆਪਣੀ ਪਤਨੀ ਨੂੰ ਦੇ ਦਿੰਦਾ ਉਹ ਰੱਜ ਕੇ ਕੰਜੂਸ ਸੀ ਉਹ ਨਿੱਤ ਵਰਤੋਂ ਦੀਆਂ ਚੀਜ਼ਾਂ ਲੈਣ ਨੂੰ ਵੀ ਪੈਸੇ ਨਹੀਂ ਸੀ ਦਿੰਦੀ ਉਹ ਮੰਗਣ ਤੇ ਸ਼ਾਮ ਨੂੰ ਵੀ ਕੁੱਝ ਨਹੀਂ ਸੀ ਦਿੰਦੀ ਪਰ ਕਹਿੰਦਾ ਕੁੱਝ ਨਾ ਕਿਉਂਕਿ ਉਸ ਦਾ ਆਪਣਾ ਦਿਮਾਗ਼ ਕੰਮ ਨਹੀਂ ਸੀ ਕਰਦਾ ਜੇ ਗੁਰਵਿੰਦਰ ਸ਼ਾਮ ਨੂੰ ਕੁੱਝ ਕਹਿੰਦੀ, ਤਾਂ ਉਹ ਜਾ ਕੇ ਆਪਣੀ ਵੱਡੀ ਭਰਜਾਈ ਨੂੰ ਦੱਸ ਦਿੰਦਾ ਵੱਡੀ ਭਰਜਾਈ ਗੁਰਵਿੰਦਰ ਨੂੰ ਵੱਧ, ਘੱਟ ਬੋਲ ਕੇ ਚੁੱਪ ਕਰਾ ਦਿੰਦੀ ਇਸ ਤਰ੍ਹਾਂ ਬਹੁਤਾ ਸਮਾਂ ਨਾ ਲੰਘਿਆ ਗੁਰਵਿੰਦਰ ਆਪਣੇ ਪੇਕੇ ਆ ਕੇ ਆਪਣੀ ਮੰਮੀ ਕੋਲ ਰਹਿਣ ਲੱਗ ਪਈ

ਅੱਜ ਜਦੋਂ ਗੁਰਵਿੰਦਰ ਦੀ ਭਾਣਜੀ ਮਨਜੀਤ ਦਾ ਫੋਨ ਆਇਆ ਕਿ ਉਸ ਦਾ ਰਿਸ਼ਤਾ ਸੋਹਣੇ, ਸੁਨੱਖੇ ਮੁੰਡੇ ਨਾਲ ਹੁੰਦਾ ਆ,ਤਾਂ ਉਸ ਨੇ ਮਨਜੀਤ ਨੂੰ ਝੱਟ ਆਖਿਆ, "ਮਨਜੀਤ ਮੁੰਡਿਆਂ ਦੇ ਰੰਗ, ਰੂਪ ਨ੍ਹੀ ਦੇਖੀਦੇ ਸਗੋਂ ਕੰਮ, ਅਕਲ ਤੇ ਘਰ, ਬਾਰ ਦੇਖੀਦੇ ਆ ਮੈਂ ਸੋਹਣੇ, ਸੁਨੱਖੇ ਨਾਲ ਵਿਆਹ ਕਰਵਾ ਕੇ ਪਛਤਾ ਰਹੀ ਆਂ ਉਸ ਵੇਲੇ ਜੇਕਰ ਮੈਂ ਇਹ ਸਭ ਕੁੱਝ ਦੇਖਿਆ ਹੁੰਦਾ, ਤਾਂ ਅੱਜ ਪੇਕੀਂ ਨਾ ਬੈਠੀ ਹੁੰਦੀ " ਮਨਜੀਤ ਨੂੰ ਗੱਲ ਸਮਝ ਆ ਗਈ ਤੇ ਉਸ ਨੇ ਗੁਰਵਿੰਦਰ ਦੀ ਹਾਂ ਵਿੱਚ ਹਾਂ ਮਿਲਾ ਕੇ ਫੋਨ ਬੰਦ ਕਰ ਦਿੱਤਾ।



ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ
(ਸ਼ਹੀਦ ਭਗਤ ਸਿੰਘ ਨਗਰ)
144526
ਫੋਨ 9915803554

## ਜ਼ਲੀਲ

ਲਕਸ਼ਮੀ ਕਰਿਆਨਾ ਸਟੋਰ ਤੇ ਕੰਮ ਕਰਦੇ ਨੂੰ ਸੋਢੀ ਨੂੰ ਇੱਕ ਸਾਲ ਹੋ ਚੱਲਿਆ ਸੀ ਕਰਿਆਨੇ ਸਟੋਰ ਦੇ ਮਾਲਕ ਹਰੀਸ਼ ਨੇ ਸੋਢੀ ਨੂੰ ਛੇ ਕੁ ਮਹੀਨਿਆਂ ਦੀ ਤਨਖਾਹ ਬੜੀ ਮੁਸ਼ਕਲ ਨਾਲ ਦਿੱਤੀ ਸੀ ਜੇਬ ਚੋਂ ਪੈਸੇ ਕੱਢਣ ਵੇਲੇ ਜਿਵੇਂ ਉਸ ਨੂੰ ਸੱਪ ਹੀ ਸੁੰਘ ਜਾਂਦਾ ਸੀ ਅੱਜ ਮਹੀਨੇ ਦੀ ਦਸ ਤਰੀਕ ਹੋ ਗਈ ਸੀ, ਪਰ ਹਰੀਸ਼ ਨੇ ਸੋਢੀ ਨੂੰ ਤਨਖਾਹ ਨਹੀਂ ਦਿੱਤੀ ਸੀ ਸੋਢੀ ਨੇ ਹੌਸਲਾ ਕਰਕੇ ਹਰੀਸ਼ ਨੂੰ ਆਖਿਆ," ਅੰਕਲ ਜੀ, ਮੇਰੇ ਡੈਡੀ ਨੇ ਕੁੱਛ ਦਿਨ ਹੋਏ, ਪੇਟ ਦੀ ਸਕੈਨਿੰਗ ਕਰਵਾਈ ਸੀ ਉਸ ਦੇ ਪਿੱਤੇ 'ਚ ਪੱਥਰੀ ਆ ਮੇਰੇ ਡੈਡੀ ਨੇ ਅਪਰੇਸ਼ਨ ਕਰਵਾਣਾ ਆਂ ਮੈਨੂੰ ਬਾਕੀ ਰਹਿੰਦੇ ਮਹੀਨਿਆਂ ਦੀ ਤਨਖਾਹ ਦੇ ਦਿਉ, ਤਾਂ ਕਿ ਮੇਰਾ ਡੈਡੀ ਅਪਰੇਸ਼ਨ ਕਰਵਾ ਸਕੇ "

" ਤੂੰ ਹਰ ਵੇਲੇ ਤਨਖਾਹ, ਤਨਖਾਹ ਕਰੀ ਜਾਇਆ ਕਰ ਤੇਰੀ ਤਨਖਾਹ ਦੇ ਪੈਸਿਆਂ ਨਾਲ ਕਿਹੜਾ ਤੇਰੇ ਡੈਡੀ ਦਾ ਅਪਰੇਸ਼ਨ ਹੋ ਜਾਣਾ ਨਾਲੇ ਪੈਸੇ ਮੈਂ ਤੈਨੂੰ ਉਦੋਂ ਦੇਵਾਂਗਾ, ਜਦੋਂ ਮੇਰੇ ਕੋਲ ਹੋਣਗੇ ਹਾਲੇ ਚੁੱਪ ਕਰਕੇ ਏਦਾਂ ਹੀ ਕੰਮ ਕਰੀ ਜਾਹ ਜੇ ਨਹੀਂ ਕੰਮ ਕਰਨਾ, ਤਾਂ ਇੱਥੋਂ ਚੱਲਦਾ ਬਣ " ਹਰੀਸ਼ ਨੇ ਗੁੱਸੇ 'ਚ ਆਖਿਆ

"ਪੈਸੇ ਤਾਂ ਮੈਂ ਲੈ ਕੇ ਹੀ ਜਾਊਂਗਾ, ਚਾਹੇ ਜੋ ਮਰਜ਼ੀ ਹੋ ਜਾਵੇ"

" ਅੱਛਾ, ਹੁਣ ਤੇਰੇ 'ਚ ਆਕੜ ਵੀ ਆ ਗਈ ਆ ਇਸ ਤੋਂ ਪਹਿਲਾਂ ਕਿ ਮੈਂ ਤੈਨੂੰ ਧੱਕੇ ਮਾਰ ਕੇ ਕੱਢਾਂ, ਚੁੱਪ ਕਰਕੇ ਇੱਥੋਂ ਦਫਾ ਹੋ ਜਾ " ਹਰੀਸ਼ ਨੇ ਹੋਰ ਤਲਖੀ ਨਾਲ ਕਿਹਾ

ਹੋਰ ਜ਼ਲੀਲ ਹੋਣ ਨਾਲੋਂ ਸੋਢੀ ਨੇ ਉੱਥੋਂ ਜਾਣਾ ਹੀ ਠੀਕ ਸਮਝਿਆ ਉਹ ਨਿਰਾਸ਼ ਹੋ ਕੇ ਹੌਲੀ, ਹੌਲੀ ਆਪਣੇ ਘਰ ਨੂੰ ਤੁਰ ਪਿਆ ਉਹ ਘਰ ਪਹੁੰਚਣ ਹੀ ਵਾਲਾ ਸੀ ਕਿ ਪਿੱਛੋਂ ਸਾਈਕਲ ਤੇ ਆ ਰਹੇ ਉਸ ਦੇ ਗੁਆਂਢੀ ਭੀਰੇ ਨੇ ਆਖਿਆ, " ਮੈਂ ਲਕਸ਼ਮੀ ਕਰਿਆਨਾ ਸਟੋਰ ਤੋਂ ਖਾਣ-ਪੀਣ ਦਾ ਸਾਮਾਨ ਲੈਣ ਗਿਆ ਸੀ ਮੈਨੂੰ ਸਾਮਾਨ ਦਿੰਦਾ, ਦਿੰਦਾ ਹਰੀਸ਼ ਠਾਹ ਕਰਦਾ ਥੱਲੇ ਡਿੱਗ ਪਿਆ ਹੁਣ ਉਸ ਨੂੰ ਗੱਡੀ 'ਚ ਪਾ ਕੇ ਰਾਜਾ ਹਸਪਤਾਲ ਲੈ ਗਏ ਆ ਪਤਾ ਨ੍ਹੀ ਹੁਣ ਵਿਚਾਰੇ ਦਾ ਕੀ ਹਾਲ ਆ?"

" ਇਹ ਤਾਂ ਬਹੁਤ ਮਾੜਾ ਹੋਇਆ " ਏਨਾ ਕਹਿ ਕੇ ਸੋਢੀ ਆਪਣੇ ਘਰ ਅੰਦਰ ਚਲਾ ਗਿਆ ਫਿਰ ਪਤਾ ਨਹੀਂ ਕੀ ਸੋਚ ਕੇ ਉਸ ਨੇ ਆਪਣੇ ਡੈਡੀ ਵਾਲਾ ਸਾਈਕਲ ਚੁੱਕਿਆ ਤੇ ਰਾਜਾ ਹਸਪਤਾਲ ਨੂੰ ਤੁਰ ਪਿਆ, ਜੋ ਕਿ ਉਸ ਦੇ ਘਰ ਤੋਂ ਬਾਰਾਂ ਕੁ ਕਿਲੋਮੀਟਰ ਦੂਰ ਸੀ

## ਇਤਰਾਜ਼

ਪਿਤਾ ਦਿਵਸ ਵਾਲੇ ਦਿਨ ਮੈਂ ਇਕ ਕਵਿਤਾ 'ਮੇਰੇ ਪਿਤਾ' ਲਿਖ ਕੇ ਫੇਸ ਬੁੱਕ ਤੇ ਪੋਸਟ ਕਰ ਦਿੱਤੀ ਘੰਟੇ ਪਿੱਛੋਂ ਮੇਰੀ ਪਤਨੀ ਦੇ ਚਾਚੇ ਦੇ ਮੁੰਡੇ ਮੁਨੀਸ਼ ਦਾ ਫੋਨ ਆ ਗਿਆ ਆਖਣ ਲੱਗਾ," ਜੀਜਾ ਜੀ, ਤੁਹਾਡੀ ਕਵਿਤਾ ਮੈਨੂੰ ਬਹੁਤ ਵਧੀਆ ਲੱਗੀ ਪਰ ਮੈਨੂੰ ਇਕ ਇਤਰਾਜ ਆ "

"ਕੀ ਇਤਰਾਜ਼ ਆ?" ਮੈਂ ਉਤਸੁਕਤਾ ਨਾਲ ਪੁੱਛਿਆ

" ਤੁਸੀਂ ਆਪਣੀ ਕਵਿਤਾ ਵਿੱਚ ਪਿਤਾ ਲਈ ਤੂੰ ਸ਼ਬਦ ਦੀ ਵਰਤੋਂ ਕੀਤੀ ਆ ਜੋ ਕਿ ਠੀਕ ਨਹੀਂ ਤੁਹਾਨੂੰ ਆਪਣੇ ਪਿਤਾ ਲਈ ਤੁਸੀਂ ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਸੀ "

" ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਮਾਤਮਾ ਨੂੰ ਗੁਰੂਆਂ ਨੇ ਵੀ ਤੂੰ ਸ਼ਬਦ ਨਾਲ ਵਾਰ, ਵਾਰ ਪੁਕਾਰਿਆ ਆ ਫੇਰ ਪਿਤਾ ਲਈ ਤੂੰ ਸ਼ਬਦ ਦੀ ਵਰਤੋਂ ਕਰਨੀ ਠੀਕ ਕਿਉਂ ਨਹੀਂ?"

"ਪਰ ਮੈਂ ਤਾਂ ਆਪਣੇ ਪਿਤਾ ਨੂੰ ਹਮੇਸ਼ਾ ਤੁਸੀਂ ਕਹਿ ਕੇ ਬੁਲਾਂਦਾ ਆਂ "

" ਤੁਸੀਂ ਆਪਣੇ ਪਿਤਾ ਨੂੰ ਤੁਸੀਂ ਕਹਿ ਕੇ ਜ਼ਰੂਰ ਬੁਲਾਂਦੇ ਹੋ ਪਰ ਉਹ ਤੁਹਾਨੂੰ ਕਈ ਸਾਲਾਂ ਤੋਂ ਹੱਦੋਂ ਵੱਧ ਸ਼ਰਾਬ ਪੀਣ ਤੋਂ ਰੋਕ ਰਹੇ ਆ ਤੁਸੀਂ ਹਾਲੇ ਤੱਕ ਉਨ੍ਹਾਂ ਦਾ ਕਹਿਣਾ ਨਹੀਂ ਮੰਨਿਆ ਫੇਰ ਉਨ੍ਹਾਂ ਨੂੰ ਤੁਸੀਂ ਕਹਿ ਕੇ ਬੁਲਾਣ ਦਾ ਕੀ ਫਾਇਦਾ? ਤੁਸੀਂ ਆਪਣੇ ਸਾਰੇ ਪਰਿਵਾਰ ਦੀ ਜ਼ਿੰਦਗੀ ਨਰਕ ਬਣਾ ਛੱਡੀ ਆ ਇਕ ਦਿਨ ਇਸ ਸ਼ਰਾਬ ਨੇ ਤੁਹਾਨੂੰ ਲੈ ਬਹਿਣਾ " ਏਨਾ ਸੁਣਦੇ ਸਾਰ ਮੁਨੀਸ਼ ਨੇ ਫੋਨ ਕੱਟ ਦਿੱਤਾ।

# ਕਹਾਣੀ : ਅਕਲਮੰਦ ਗਿੱਦੜ

ਇੱਕ ਵਾਰ ਦੀ ਗੱਲ ਹੈ ਪਹਾੜੀ 'ਤੇ ਇੱਕ ਬਹੁਤ ਵਿਸ਼ਾਲ ਟਾਹਲੀ ਦਾ ਰੁੱਖ ਸੀ ਇਹ ਰੁੱਖ ਬਹੁਤ ਹਰਾ - ਭਰਾ ਸੀ ਉਸ ਦਰੱਖ਼ਤ ਦੇ ਉੱਤੇ ਗਿਲਹਰੀ ਅਤੇ ਬਿੱਲੀ ਰਹਿੰਦੇ ਸਨ ਦੋਵਾਂ ਵਿੱਚ ਬਹੁਤ ਪਿਆਰ ਸੀ ਗਰਮੀਆਂ ਦਾ ਮੌਸਮ ਆਇਆ ਤਾਂ ਟਾਹਲੀ ਦੇ ਪੱਤੇ ਸੁੱਕ ਗਏ ਫਿਰ ਬਿੱਲੀ ਤੇ ਗਿਲਹਿਰੀ ਉਸ ਰੁੱਖ ਨੂੰ ਛੱਡ ਕੇ ਜੰਗਲ ਦੀ ਇੱਕ ਪੁਰਾਣੀ ਗੁਫਾ ਵਿੱਚ ਰਹਿਣ ਲੱਗ ਪਏ ਉੱਥੇ ਇੱਕ ਗਿੱਦੜ ਵੀ ਰਹਿੰਦਾ ਸੀ ਉਹ ਬਹੁਤ ਅਕਲਮੰਦ ਸੀ ਉਹ ਜੰਗਲੀ ਜਾਨਵਰਾਂ ਤੋਂ ਹਮੇਸ਼ਾ ਗਿਲਹਰੀ ਤੇ ਬਿੱਲੀ ਦੀ ਰੱਖਿਆ ਕਰਦਾ ਸੀ ਤੇ ਉਹਨਾਂ ਨੂੰ ਚੰਗੀਆਂ ਗੱਲਾਂ ਸਮਝਾਉਂਦਾ ਸੀ ਇੱਕ ਵਾਰ ਉੱਥੇ ਦੂਸਰੇ ਜੰਗਲ ਦਾ ਇੱਕ ਖ਼ੂੰਖਾਰ ਸ਼ੇਰ ਆ ਗਿਆ ਉਹ ਸ਼ੇਰ ਉਸ ਗੁਫਾ ਵਿੱਚ ਰਹਿਣਾ ਚਾਹੁੰਦਾ ਸੀ ਬਿੱਲੀ ਅਤੇ ਗਿਲਹਰੀ ਉਸ ਸ਼ੇਰ ਦਾ ਮੁਕਾਬਲਾ ਕਰਨਾ ਚਾਹੁੰਦੇ ਸਨ ਤਾਂ ਕਿ ਉਹ ਆਸਾਨੀ ਨਾਲ਼ ਉਸ ਗੁਫਾ ਵਿੱਚ ਰਹਿ ਸਕਣ , ਪਰ ਅਕਲਮੰਦ ਗਿੱਦੜ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਤੇ ਸਮਝਾਇਆ ਕਿ ਸ਼ੇਰ ਬਹੁਤ ਸ਼ਕਤੀਸ਼ਾਲੀ ਹੈ ਅਸੀਂ ਉਸਦਾ ਮੁਕਾਬਲਾ ਨਹੀਂ ਕਰ ਸਕਦੇ ਫਿਰ ਉਹ ਆਪਣੇ ਜੰਗਲ ਦੇ ਸ਼ੇਰ ਰਾਜੇ ਕੋਲ ਪਹੁੰਚੇ ਤੇ ਉਸ ਨੂੰ ਸਾਰੀ ਗੱਲ ਦੱਸੀ ਜੰਗਲ ਦਾ ਰਾਜਾ ਇਸ ਨਵੇਂ ਸ਼ੇਰ ਦਾ ਮੁਕਾਬਲਾ ਕਰਨ ਲਈ ਆ ਗਿਆ ਉਸ ਨੇ ਨਵੇਂ ਸ਼ੇਰ ਨੂੰ ਮਾਰ ਦਿੱਤਾ ਹੁਣ ਗਿਲਹਿਰੀ , ਬਿੱਲੀ ਤੇ ਗਿੱਦੜ ਪਹਿਲਾਂ ਵਾਂਗ ਉਸ ਗੁਫਾ ਵਿੱਚ ਖੁਸ਼ੀ - ਖੁਸ਼ੀ ਰਹਿਣ ਲੱਗ ਪਏ ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਔਖੇ ਸਮੇਂ ਸਾਨੂੰ ਅਕਲ ਤੋਂ ਕੰਮ ਲੈਣਾ ਚਾਹੀਦਾ ਹੈ।





ਕਹਾਣੀਕਾਰ ਮਾਸਟਰ
ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

# ਬੱਸ ਏਦਾਂ ਹੀ

ਹੈ ਵਿਥਿਆ ਟੁੱਟੇ ਤਾਰਿਆਂ ਦੀ,
ਕੁਝ ਚਰਖੜੀਆਂ ਤੇ ਆਰਿਆਂ ਦੀ
ਕੁਝ ਭੁੱਖ ਨਾਲ਼ ਲੜੇ ਵਿਚਾਰਿਆਂ ਦੀ,
ਮੇਰੀ, ਉਸ ਦੀ ਤੇ ਸਾਰਿਆਂ ਦੀ
ਕੁਝ ਜਾਂਗਲ਼ੀਆਂ ਦੇ ਗੀਤ ਬਣੇ,
ਕੁਝ ਭੀਲਣੀਆਂ ਦੇ ਭੀਲ ਬਣੇ
ਕੁਝ ਫੁੱਲ ਬਣੇ, ਕੁਝ ਰੰਗ ਬਣੇ,
ਕੁਝ ਰੇਸ਼ਮ, ਪੱਟ, ਸ਼ਨੀਲ ਬਣੇ
ਕੁਝ ਛਾਂ ਬਣ ਗਏ, ਕੁਝ ਧੁੱਪ ਬਣੇ,
ਤਪ-ਤਪ ਕੇ ਠੰਡੇ-ਠਾਰ ਬਣੇ
ਕੁਝ ਵੇਲਾਂ ਤੇ ਕੁਝ ਰੁੱਖ ਬਣੇ,
ਸਰਹੱਦਾਂ ਦੇ ਵਿਚਕਾਰ ਬਣੇ
ਕੁਝ ਪੌਣਾਂ ਦੇ ਵਿੱਚ ਘੁਲ਼-ਮਿਲ਼ ਗਏ,
ਕੁਝ ਸ਼ੀਸ਼ੇ ਬਣੇ ਮਹੱਲਾਂ ਦੇ
ਕੁਝ ਗੀਤਾ, ਗ੍ਰੰਥ, ਕੁਰਾਨ ਬਣੇ,
ਕੁਝ ਅਰਥ ਡੂੰਘੀਆਂ ਗੱਲਾਂ ਦੇ

ਕੁਝ ਤਕੀਏ ਜਗਦੇ ਦੀਵੇ ਨੇ,
ਕੁਝ ਵ੍ਰਿੰਦਾਵਨ ਦੇ ਮੋਰ ਬਣੇ
ਕੁਝ ਚੁੱਪ ਬਣੇ ਮਹਾਂਸਾਗਰ ਦੀ,
ਕੁਝ ਮਹਾਂਨਗਰ ਦਾ ਸ਼ੋਰ ਬਣੇ
ਕੁਝ ਲੱਭਣ ਤੁਰ ਗਏ ਰਾਂਝੇ ਨੂੰ,
ਕੁਝ ਸਖੀਆਂ ਤੇ ਕੁਝ ਹੀਰ ਬਣੇ
ਕੁਝ ਡੁੱਲ੍ਹ ਗਏ ਵਿੱਚ ਗੰਗਾ ਦੇ,
ਕੁਝ ਜਮਨਾ ਵਿਚਲਾ ਨੀਰ ਬਣੇ
ਕੁਝ ਪੋਹ, ਮੱਘਰ ਦੀ ਸੀਤ ਬਣੇ,
ਕੁਝ ਜੇਠ ਬਣੇ, ਕੁਝ ਹਾੜ੍ਹ ਬਣੇ
ਕੁਝ ਮੈਖ਼ਾਨੇ ਜਾ ਜਾਮ ਬਣੇ,
ਕੁਝ ਜੰਗਲ਼, ਸ਼ਹਿਰ, ਉਜਾੜ ਬਣੇ

ਕੁਝ ਚਿੜੀਆਂ ਵਾਲ਼ੀ ਡਾਰ ਬਣੇ,
ਕੁਝ ਜ਼ੇਰ, ਜ਼ਬਰ ਤੇ ਪੇਸ਼ ਬਣੇ
ਕੁਝ ਜਾ ਇਬਲੀਸ ਦੇ ਲੜ ਲੱਗੇ,
ਕੁਝ ਪੀਰ ਬਣੇ, ਦਰਵੇਸ਼ ਬਣੇ
ਕੁਝ ਟੋਟੇ ਬਣ ਗਏ ਵੰਗਾਂ ਦੇ,
ਕੁਝ ਮੱਥੇ ਦਾ ਸ਼ਿੰਗਾਰ ਬਣੇ
ਕੁਝ ਕਲੀਆਂ ਬਣ ਕੇ ਖਿੜਨ ਪਏ,
ਕੁਝ ਥੋਹਰਾਂ ਵਿਚਲੇ ਖ਼ਾਰ ਬਣੇ

ਕੁਝ ਵਰਕੇ ਬਣੇ ਕਿਤਾਬਾਂ ਦੇ,
ਕੁਝ ਚੀਕ-ਚੀਕ ਸਮਝਾਉਣ ਲੱਗੇ
ਮੇਰੀ ਕਲਮ ਨੂੰ ਮੱਤਾਂ ਦੇ-ਦੇ ਕੇ,
ਕਾਗ਼ਜ 'ਤੇ ਰੌਲ਼ਾ ਪਾਉਣ ਲੱਗੇ
ਕੁਝ ਨੂਰਜਹਾਂ ਦੀ ਹੇਕ ਬਣੇ,
ਕੁਝ ਮਜ਼ਲੂਮਾਂ ਦੀ ਹੂਕ ਬਣੇ
ਕੁਝ ਯੋਧੇ, ਵੀਰ ਤੇ ਸ਼ੇਰ ਬਣੇ,
ਕੁਝ ਸ਼ਾਇਰ ਜਮਾ ਮਲੂਕ ਬਣੇ

ਬੱਸ ਏਦਾਂ ਹੀ ਕਿੱਸੇ, ਕਾਵਿ ਬਣੇ,
ਲੋਰੀ, ਘੋੜੀ ਤੇ ਵੈਣ ਬਣੇ
ਬੱਸ ਏਦਾਂ ਹੀ ਦੁਨੀਆ ਚੱਲਦੀ ਰਹੇ,
ਤੇ ਏਦਾਂ ਹੀ ਸਾਰੇ ਰਹਿਣ ਬਣੇ

ਰਿਤੂ ਵਾਸੂਦੇਵ



# ਕੁਰਾਹੇ ਪੈ ਰਹੀ ਨੌਜਵਾਨ ਪੀੜ੍ਹੀ

ਜ਼ਿੰਦਗੀ ਖ਼ੂਬਸੂਰਤ ਹੈ ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ ਮਾਂ-ਬਾਪ ਦੇ ਕਿੰਨੇ ਹੀ ਅਰਮਾਨ ਹੁੰਦੇ ਹਨ ਕਿ ਕੱਲ ਨੂੰ ਉਹਨਾਂ ਦੀ ਔਲਾਦ ਪੜ੍ਹ ਲਿਖ ਕੇ ਸਮਾਜ ਦਾ ਨਾਂਅ ਰੌਸ਼ਨ ਕਰੇ ਸਮਾਜ ਲਈ ਵਧੀਆ ਕੰਮ ਕਰੇ ਤਾਂ ਜੋ ਉਨ੍ਹਾਂ ਦਾ ਸਿਰ ਮਾਣ ਨਾਲ ਉੱਚਾ ਹੋਵੇ ਵਿਚਾਰਨ ਵਾਲੀ ਗੱਲ ਹੈ ਤਕਰੀਬਨ ਕੁਝ ਸਮੇਂ ਤੋਂ ਨੌਜਵਾਨ ਪੀੜ੍ਹੀ ਕੁਰਾਹੇ ਪੈ ਗਈ ਹੈ ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ ਨੌਜ਼ਵਾਨੀ ਰਸਾਤਲ ਵੱਲ ਲਗਾਤਾਰ ਵੱਧ ਰਹੀ ਹੈ ਨੌਜ਼ਵਨੀ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੀ ਹੈ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਬੁਲਟ ਮੋਟਰਸਾਇਕਲ ਤੇ ਚਾਰ- ਚਾਰ ਬੰਦੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ, ਖੁੱਲ੍ਹੇ ਸਾਈਲੈਂਸਰ ਨਾਲ ਪਟਾਖੇ ਫੋੜਦੇ ਆਮ ਦੇਖੇ ਜਾ ਸਕਦੇ ਹਨ ਜਦੋਂ ਰਾਹਗੀਰ ਕੋਈ ਜਾ ਰਿਹਾ ਹੁੰਦਾ ਹੈ ਤਾਂ ਅਜਿਹੇ ਸ਼ਰਾਰਤੀ ਨੌਜਵਾਨ ਬੁੱਲਟ ਤੇ ਪਟਾਖੇ ਫੋੜਦੇ ਹਨ ਤਾਂ ਇਹਨਾਂ ਦੀ ਤੇਜ਼ ਆਵਾਜ਼ ਕਰਕੇ ਉਹ ਘਬਰਾ ਜਾਂਦਾ ਹੈ ਕਈ ਵਾਰ ਉਹ ਬੇਹੋਸ਼ ਹੋ ਕੇ ਡਿੱਗ ਜਾਂਦਾ ਹੈ ਅਜਿਹੀਆਂ ਖ਼ਬਰਾਂ ਆਮ ਸੁਣਦੇ ਹਾਂ ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਜਦੋਂ ਪੁਲਿਸ ਮੁਲਾਜ਼ਮ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਹੁੰਦੇ ਹਨ, ਤਾਂ ਅਜਿਹੇ ਸ਼ਰਾਰਤੀ ਨੌਜਵਾਨ ਜਿਨ੍ਹਾਂ ਕੋਲ ਗੱਡੀ ਦੇ ਪੇਪਰ ਜਾਂ ਡਰਾਈਵਿੰਗ ਲਾਇਸੰਸ ਬਿਲਕੁਲ ਵੀ ਨਹੀਂ ਹੁੰਦਾ ਅਜਿਹੇ ਨੌਜਵਾਨ ਆਪਣਾ ਵ੍ਹੀਕਲ ਬਿਲਕੁਲ ਵੀ ਨਹੀਂ ਰੋਕਦੇ, ਸਗੋਂ ਪੁਲਿਸ ਆਲਿਆਂ ਦੇ ਉੱਪਰ ਹੀ ਚੜ੍ਹਾ ਕੇ ਉਨ੍ਹਾਂ ਨੂੰ ਜ਼ਖਮੀ ਕਰਨ ਦੀਆਂ ਖ਼ਬਰਾਂ ਅਸੀਂ ਆਮ ਸੁਣੀਆਂ ਹਨ ਜਦੋਂ ਕਈ ਵਾਰ ਅਜਿਹੇ ਸ਼ਰਾਰਤੀ ਪੁਲੀਸ ਦੇ ਅੜਿੱਕੇ ਚੜ੍ਹ ਜਾਂਦੇ ਹਨ ਤਾਂ ਪੁਲਿਸ ਇਨ੍ਹਾਂ ਦਾ ਚਾਲਾਨ ਕੱਟਦੀ ਹੈ ਤੇ ਵਹੀਕਲਾਂ ਨੂੰ ਆਪਣੇ ਕਾਬੂ ਵਿੱਚ ਵੀ ਲੈ ਲੈਂਦੀ ਹੈ ਮਾਰਚ ਮਹੀਨੇ ਹੋਲੀ ਦਾ ਤਿਉਹਾਰ ਲੰਘ ਕੇ ਗਿਆ ਹੈ ਪਤਾ ਨਹੀਂ।

ਪੁਲਿਸ ਨੇ ਕਿੰਨੇ ਹਜ਼ਾਰਾਂ ਚਲਾਨ ਕੱਟੇ ਹੋਣੇ, ਜਿਨ੍ਹਾਂ ਨੇ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ ਫ਼ਿਰ ਵੀ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਕਲ ਨਹੀਂ ਆਈ ਹੋਣੀ।

ਹਾਲ ਹੀ ਵਿੱਚ ਫਗਵਾੜਾ ਵਿਖੇ ਟੋਚਨ ਮੁਕਾਬਲੇ ਵਿੱਚ ਕਈ ਲੋਕ ਜ਼ਖਮੀ ਹੋ ਗਏ ਪਾਬੰਦੀ ਹੋਣ ਦੇ ਬਾਵਜੂਦ ਵੀ ਟਰੈਕਟਰਾਂ ਦੀਆਂ ਰੇਸਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ ਇਹ ਕੋਈ ਪਹਿਲਾਂ ਕੇਸ ਨਹੀਂ ਹੈ ਕੁੱਝ ਕੁ ਮਹੀਨੇ ਪਹਿਲਾਂ ਵੀ ਟਰੈਕਟਰ ਰੇਸ ਮੁਕਾਬਲੇ ਵਿੱਚ ਨੌਜਵਾਨ ਦੀ ਮੌਤ ਹੋ ਚੁੱਕੀ ਸੀ ਪੰਜ ਕੁ ਮਹੀਨੇ ਪਹਿਲਾਂ ਪੰਜਾਬ ਵਿੱਚ ਤਿੰਨ-ਚਾਰ ਅਜਿਹੀਆਂ ਵਾਰਦਾਤਾਂ ਹੋਈਆਂ, ਜਿਸ ਨੇ ਸਾਰਿਆਂ ਨੂੰ ਹੀ ਡਰਾ ਦਿੱਤਾ ਅਜਨਾਲਾ ਥਾਣੇ ਤੇ ਪੁਲਿਸ ਨਾਲ ਕੀਤੀ ਗਈ ਮਾਰ ਕੁਟਾਈ, ਹਿਮਾਚਲ ਪ੍ਰਦੇਸ਼ ਦੇ ਮਨੀਕਰਨ ਸਾਹਿਬ ਵਿਖੇ ਸਥਾਨਕ ਵਸਨੀਕਾਂ ਨਾਲ ਪੱਥਰਬਾਜ਼ੀ, ਤੇ ਖ਼ਾਲਸਾ ਦੀ ਧਰਤੀ ਸੀ?? ਆਨੰਦਪੁਰ ਸਾਹਿਬ ਵਿਖੇ ਕਨੇਡਾ ਤੋਂ ਆਏ ਨੌਜਵਾਨ ਦਾ ਹੋਇਆ ਕਤਲ ਆਨੰਦਪੁਰ ਸਾਹਿਬ ਵਾਲੀ ਘਟਨਾ ਦਾ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਤੇ ਕੀ ਅਸਰ ਪਿਆ ਹੋਣਾ ਸੋਚਣ ਵਾਲੀ ਗੱਲ ਹੈ ਟਰੈਕਟਰਾਂ ਉੱਪਰ 15 ਤੋਂ 20 ਨੌਜਵਾਨ ਉੱਚੀ ਅਵਾਜ਼ ਵਿੱਚ ਭੜਕੀਲੇ ਗਾਣੇ ਲਗਾ ਕੇ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਆਮ ਦੇਖੇ ਜਾ ਸਕਦੇ ਹਨ ਸੜਕਾਂ ਤੇ ਅਸੀਂ ਆਮ ਦੇਖਦੇ ਹਾਂ ਕਿ ਟਰੈਕਟਰਾਂ ਤੇ ਇੰਨੀ ਉੱਚੀ ਅਵਾਜ਼ ਵਿੱਚ ਗਾਣੇ ਚਲਾ ਕੇ ਆਪਣੀ ਮਸਤੀ ਕਰ ਰਹੇ ਹੁੰਦੇ ਹਨ

**ਸੰਜੀਵ ਸੈਣੀ**

ਕਈ ਵਾਰ ਅਣਸੁਖਾਵੀਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ ਮਾਂ-ਬਾਪ ਆਪਣੀ ਔਲਾਦ ਨੂੰ ਕਹਿਣ ਤੋਂ ਡਰਦੇ ਹਨ ਜੇ ਉਹ ਆਪਣੇ ਬੱਚਿਆ ਨੂੰ ਰੋਕਦੇ ਟੋਕਦੇ ਹਨ ਤਾਂ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਵਿੱਚ ਸ਼ਹਿਣਸ਼ੀਲਤਾ ਬਿਲਕੁਲ ਵੀ ਨਹੀ ਹੈ ਗ਼ਲਤ ਕਦਮ ਚੁੱਕਦੇ ਨੇ ਅਜਿਹੇ ਸ਼ਰਾਰਤੀ ਨੌਜਵਾਨ ਆਪਣੇ ਮਾਂ ਪਿਓ ਦਾ ਨਾਂ ਬਦਨਾਮ ਕਰਨ ਤੇ ਲੱਗੇ ਹੋਏ ਹਨ ਮਾਂ-ਬਾਪ ਦੇ ਅੱਗੇ ਬੋਲਦੇ ਹਨ ਮਾਰ ਕੁਟਾਈ ਤੱਕ ਕਰਦੇ ਹਨ ਕਈ ਮਾਂ-ਪਿਉ ਤਾਂ ਆਪ ਕਹਿੰਦੇ ਹਨ ਕਿ ਅਸੀਂ ਤਾਂ ਆਪਣੀ ਅਜਿਹੀ ਔਲਾਦ ਤੋਂ ਬੇਔਲਾਦ ਚੰਗੇ ਸਨ ਪਿੱਛੇ ਜਿਹੇ ਮੇਰਾ ਦੋ ਕੁ ਮਹੀਨੇ ਪਹਿਲਾਂ ਲੇਖ ਬਜ਼ੁਰਗਾਂ ਸੰਬੰਧੀ ਛਪਿਆ ਸੀ, ਤਕਰੀਬਨ ਮੈਨੂੰ ਕਈ ਫ਼ੋਨ ਆਏ ਮਾਂ ਬਾਪ ਕਹਿ ਰਹੇ ਸਨ ਕਿ ਸਾਡੀ ਔਲਾਦ ਨੇ ਸਾਡਾ ਜਿਉਣਾ ਦੁੱਭਰ ਤੱਕ ਕਰ ਰੱਖਿਆ ਹੈ ਨਸ਼ੇ ਕਰਦੇ ਹਨ ਜੇ ਇਹਨਾਂ ਨੂੰ ਰੋਕਦੇ ਹਨ ਤਾਂ ਸਾਨੂੰ ਮਾਰ ਕਟਾਈ ਵੀ ਕਰਦੇ ਹਨ ਨਸ਼ਿਆਂ ਦੀ ਭਰਪਾਈ ਲਈ ਘਰ ਦਾ ਸਮਾਨ ਤੱਕ ਵੇਚ ਦਿਤਾ ਇੱਕ ਮਾਂ ਨੇ ਇਹ ਦੱਸਿਆਂ ਗੱਲਾਂ ਸੁਣ ਕੇ ਮੇਰਾ ਸਰੀਰ ਕੰਬ ਗਿਆ ਸੋਚੋ ਜਿਹੜੇ ਮਾਂ-ਬਾਪ ਕਿੰਨੀਆਂ ਤੰਗੀਆਂ ਕੱਟ ਕੇ ਤੁਹਾਨੂੰ ਪੜ੍ਹਾਉਂਦੇ ਲਿਖਾਉਂਦੇ ਹਨ, ਅੱਜ ਤੁਸੀਂ ਉਹਨਾਂ ਦੇ ਗੱਲ ਵਿੱਚ ਅਗੂਠਾ ਦੇ ਰਹੇ ਹੋ ਘਰ ਵਿਚ ਕਿਸੇ ਦੀ ਇੱਜ਼ਤ ਨਹੀਂ ਕਰਦੇ ਛੋਟੇ ਵੱਡੇ ਦਾ ਖਿਆਲ ਨਹੀਂ ਰੱਖਦੇ ਰੱਖਦੇ।

ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਇੱਕ ਹੀ ਪਿੰਡ ਦੇ 18 ਸਾਲ ਦੇ ਨੌਜਵਾਨਾਂ ਨੇ ਚਿੱਟੇ ਦਾ ਟੀਕਾ ਲਗਾਇਆ ਚਿੱਟੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ ਨੌਜਵਾਨ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਰਹੇ ਹਨ ਅਕਸਰ ਚੋਰੀ ਦੀਆਂ ਵਾਰਦਾਤਾਂ ਵਿਚ ਅਜਿਹੇ ਸ਼ਰਾਰਤੀ ਨੌਜਵਾਨ ਆਮ ਫੜੇ ਜਾਂਦੇ ਹਨ ਪੜ੍ਹਾਈ ਲਿਖਾਈ ਦਾ ਇਨ੍ਹਾਂ ਤੇ ਬਿਲਕੁਲ ਵੀ ਅਸਰ ਨਹੀਂ ਹੁੰਦਾ ਅਕਸਰ ਕਾਲਜਾਂ , ਯੂਨੀਵਰਸਿਟੀਆਂ ਵਿੱਚ ਵੀ ਜਦੋਂ ਅਜਿਹੇ ਸ਼ਰਾਰਤੀ ਨੌਜਵਾਨ ਜਾਂਦੇ ਹਨ, ਤਾਂ ਉਥੇ ਵੀ ਅਜਿਹੇ ਨੌਜਵਾਨ ਲੜਾਈ ਦਾ ਕਾਰਨ ਬਣਦੇ ਹਨ ਇਨ੍ਹਾਂ ਤੇ ਫ਼ਿਰ ਯੂਨੀਵਰਸਿਟੀ ਵੱਲੋਂ ਕੇਸ ਦਰਜ ਕਰਵਾਏ ਜਾਂਦੇ ਹਨ ਹੁੱਲੜਬਾਜ਼ੀ ਕਰਦੇ ਹਨ ਗਲਤ ਸ਼ਬਦਾਂ ਦੀ ਵਰਤੋਂ ਕਰਦੇ ਹਨ ਅਜਿਹੇ ਸ਼ਰਾਰਤੀ ਨੌਜਵਾਨਾਂ ਨੂੰ ਆਪਣੇ ਧਾਰਮਿਕ ਇਤਿਹਾਸ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਹੁੰਦੀ ਹੈ ਹੁੱਲੜਬਾਜ਼ੀ ਕਰਦੇ ਅਜਿਹੇ ਨੌਜਵਾਨ ਸਾਰਿਆਂ ਲਈ ਪਰੇਸ਼ਾਨੀ ਖੜੀ ਕਰ ਰਹੇ ਹਨ ਹੇਮਕੁੰਟ ਸਾਹਿਬ ਦੀ ਜਦੋਂ ਤੀਰਥ ਯਾਤਰਾ ਸ਼ੁਰੂ ਹੁੰਦੀ ਹੈ ,ਤਾਂ ਮੋਟਰਸਾਈਕਲਾਂ ਤੇ ਹੁੱਲੜਬਾਜ਼ੀ ਕਰਦੇ ਅਜਿਹੇ ਸ਼ਰਾਰਤੀ ਨੌਜਵਾਨ ਆਮ ਦੇਖੇ ਜਾ ਸਕਦੇ ਹਨ ਧਾਰਮਿਕ ਸਥਾਨਾਂ ਵੱਲ ਜਾ ਕੇ ਵੀ ਇਹ ਨੌਜਵਾਨ ਆਪਣੇ ਸੂਬੇ ਦਾ ਨਾਂ ਬਦਨਾਮ ਕਰਨ ਤੇ ਲੱਗੇ ਹੋਏ ਹਨ ਗਲਤ ਸ਼ਬਦਾਵਲੀ ਦੀ ਵਰਤੋਂ ਕਰ ਰਹੇ ਹਨ ਹਾਲਾਂਕਿ ਹੁੱਲੜਬਾਜ਼ਾਂ ਨੂੰ ਪੁਲਿਸ ਪ੍ਰਸ਼ਾਸ਼ਨ ਵੱਲੋਂ ਹਿਰਾਸਤ ਵਿੱਚ ਵੀ ਲਿਆ ਜਾਂਦਾ ਹੈ ਪੁਲਿਸ ਪ੍ਰਸ਼ਾਸਨ ਆਪਣੀ ਜ਼ਿਮੇਵਾਰੀ ਬਹੁਤ ਇਮਾਨਦਾਰੀ ਨਾਲ ਨਿਭਾਅ ਰਿਹਾ ਹੈ ਧਾਰਮਿਕ ਤੇ ਆਮ ਮੇਲਿਆਂ ਵਿੱਚ ਲੜਾਈ ਝਗੜਾ ,ਕਤਲ,ਲੁੱਟ ਖੋਹ ਜਿਹੀਆਂ ਵਾਰਦਾਤਾਂ ਆਮ ਹੋ ਗਈਆਂ ਹਨ ਧਾਰਮਿਕ ਸਥਾਨਾਂ ਵੱਲ ਜਾਂਦੇ ਅਜਿਹੇ ਨੌਜਵਾਨ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਕਈ ਵਾਰ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ ਕਿੰਨਾ ਚੰਗਾ ਹੋਵੇ ਜੇ ਅਜਿਹੀਆਂ ਭੈੜੀ ਹਰਕਤਾਂ ਨਾ ਕੀਤੀਆਂ ਜਾਣ ਨੌਜਵਾਨੀ ਨੂੰ ਅੱਜ ਬਚਾਉਣ ਦੀ ਲੋੜ ਹੈ ਮਾਪਿਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ, ਵਧੀਆ ਸਿੱਖਿਆ ਜਰੂਰ ਦੇਣ।

# ਮਤੀਰਾ ਤੇ ਮੁਅੱਜ਼ਜ਼

ਸਬਜੀ ਮੰਡੀ ਚੋਂ ਮਤੀਰਾ ਵੇਚਣ ਆਲੀ ਬੀਬੀ ਨੂੰ ਪੁੱਛਿਆ,“ਪਹਿਲਾਂ ਐਂ ਦਸ ਤੇਰਾ ਨਾਂ ਕੀ ਹੈ?

ਕਹਿੰਦੀ,“ਪ੍ਰਸਿੰਨੀ“

ਮੈਂ ਕਿਹਾ,“ ਪ੍ਰਸਿੰਨੀਏਂ !ਮਤੀਰਾ ਮਿੱਠਾ ਹੋਊ?“

ਕਹਿੰਦੀ,“ਖਾਵੇਗਾ ਤੋ ਮਾਥਾ ਪੀਟਤਾ ਰਹਿ ਜਾਵੇਗਾ “ਉਹਨੇ ਹਸਦੀ ਨੇ ਕਿਹਾ

ਮੈਂ ਸੋਚਿਆ ਪ੍ਰਸਿੰਨੀ ਮਖੌਲ ਕਰਦੀ ਹੈ,ਮਤੀਰਾ ਠੀਕ ਹੋਣੈ ਪੈਸੇ ਦਿੱਤੇ ਤੇ ਮਤੀਰਾ ਲੈ ਕੇ ਘਰ ਨੂੰ ਚਲਾ ਗਿਆ ਦੁਪਹਿਰੀਂ ਜਦੋਂ ਮਤੀਰਾ ਕੱਟਿਆ ਤਾਂ ਮੱਥੇ ਹੱਥ ਮਾਰਿਆ, ਮਤੀਰਾ ਬਕਬਕਾ ਨਿਕਲਿਆ ਮੈਨੂੰ ਪ੍ਰਸਿੰਨੀ ਦੀ ਕੀਤੀ ਮਖੌਲ ਚੇਤੇ ਆਈ

ਅੱਜ ਵੀਰਵਾਰ ਹੈ ਵੀਰਵਾਰ ਵੀ ਸੈਕਟਰ 77 ਮੁਹਾਲੀ ‘ਚ ਸਬਜੀ ਮੰਡੀ ਲੱਗਦੀ ਹੈ ਮੈਂ ਹੋਰ ਸਬਜੀਆਂ ਲਈਆਂ ਤੇ ਇਕ ਪੇਂਡੂ ਮਤੀਰੇ ਆਲ਼ੇ ਕੋਲ ਗਿਆ

ਮੈਂ ਉਹਨੂੰ ਆਖਿਆ,“ਬਈ ਥੋਡੇ ਮਤੀਰਿਆਂ ਦਾ ਵਸਾਹ ਕੋਈ ਨਹੀਂ ਕਿਸਮਤ ਦੀ ਖੇਡ ਹੈ ਮਤੀਰਾ ਮਿੱਠਾ ਨਿਕਲੇ ਤਾਂ ਵਧੀਆ, ਜੇ ਫਿੱਕੜ ਜਿਹਾ ਨਿਕਲੇ ਤਾਂ ਬੰਦਾ ਮੱਥਾ ਪਿੱਟਦੈ,ਖਾਣ ਦਾ ਸਾਰਾ ਸਵਾਦ ਕਿਰਕਿਰਾ ਹੋ ਜਾਂਦੈ“

ਉਹ ਅੱਗੋਂ ਪੇਂਡੂ ਬੰਦਾ ਆਹਦਾ,“ਸਰਦਾਰਾ,ਮੇਰਾ ਨਾਉਂ ਬਖਤੌਰੈ ਮੈਂ ਪੱਥਰ ਤੇ ਲਕੀਰ ਖਿੱਚ ਕੇ ਗੱਲ ਕਰਦਾਂ ਜਿਹੜੇ ਮਰਜ਼ੀ ਮਤੀਰੇ ਤੇ ਉਂਗਲ ਰੱਖ ਦਿਉ ,ਲਾਲ ਮਿੱਠਾ ਮਿਸ਼ਰੀ ਅਰਗਾ ਨਿਕਲੂ ਰਪੀਏ ਠੋਕ ਕੇ ਲੈਨਾਂ ਵੀਹ ਰੁਪਏ ਕਿੱਲੋ,ਪੰਜੀ ਘੱਟ‘ਨੀ ਕਰਦਾ“

ਮੈਂ ਉਹਦੀ ਜ਼ਿੰਦਾਦਿਲੀ ਭਰੀ ਗੱਲਬਾਤ ਤੋਂ ਪ੍ਰਭਾਵਿਤ ਹੋਇਆ ਮੈਂ ਕਿਹਾ-



**ਅਮਰਜੀਤ ਅਰਪਨ**

“ਬਖ਼ਤੌਰਿਆ !ਜੇ ਆਹ ਗੱਲ ਐ ਤਾਂ ਤਿੰਨ ਮਤੀਰੇ ਖੁਦ ਈ ਚੁਣ ਕੇ ਦੇ ਦੇ“

ਉਹਨੇ ਇਕ ਮਤੀਰਾ ਕੰਡੇ ਤੇ ਰੱਖਿਆ ਤੇ ਫੇਰ ਦੂਜਾ ਤੇ ਤੀਜਾ ਮੈਂ ਉਹਨਾਂ ਤੋਂ ਛੋਟਾ ਆਪ ਚੁੱਕ ਕੇ ਦੇ ਦਿੱਤਾ

“ਲਉ ਜੀ ਸਰਦਾਰ ਸਾਬ੍ਹ ! ਨੌਂ ਕਿੱਲੋ ਹੋ ਗਏ ਤੇ ਆਹ ਤੁਸੀਂ ਛੋਟਾ ਮਤੀਰਾ ਮੈਨੂੰ ਦਿੱਤਾ ਸੀ ਨਾ,ਮੈਂ ਏਹੀ ਕੱਟ ਕੇ ਥੋਨੂੰ ਦਿੰਦਾਂ,ਸ਼ਰਤੀਆ ਲਾਲ ਨਿਕਲੂ“

ਮੈਂ ਕਿਹਾ, “ਬਖ਼ਤੌਰਿਆ !ਤੇਰੇ ਤੇ ਵਿਸ਼ਵਾਸ਼ ਐ ਯਾਰ,ਐਨੀ ਤਸੱਲੀ ਨਾਲ ਤੂੰ ਦੇ ਰਿਹੈਂ“

“ਨਹੀਂ ਸਰਦਾਰ ਜੀ ਨਹੀਂ, ਇਹ ਮੇਰੇ ਅਕੀਦੇ ਦਾ ਮਸਲੈ“

ਇਹ ਕਹਿੰਦਿਆਂ ਹੀ ਉਹਨੇ ਮਤੀਰੇ ਤੇ ਚਾਕੂ ਦਾ ਕੱਟ ਮਾਰ ਕੇ ਫਾੜੀ ਲਾਹੀ ਤਾਂ ਲਾਲ ਭਾਅ ਮਾਰਦੀ ਫਾੜੀ ਨਿਕਲਦੀ ਵੇਖ ਕੇ ਬਖ਼ਤੌਰਾ ਜਿੱਤ ਦੇ ਤਸੱਵਰ ‘ਚ ਚਮਕਦੀਆਂ ਅੱਖਾਂ ਨਾਲ ਮੈਨੂੰ ਸਿਰ ਝਮਾਉਂਦਿਆ ਪੁੱਛਿਆ-

“ਕਿਉਂ ਸਰਦਾਰ ਜੀ,ਝੂਠ ਤਾਂ ਨਹੀਂ ਮੈਂ ਬੋਲਿਆ?ਹੱਕ ਦੀ ਕਮਾਈ ਖਾਈਦੀ ਐ,ਗੱਲ ‘ਚ ਮੇਰੀ ਰੱਤੀ ਝੂਠ ਨਾ ਹੋਊ,ਇਹ ਜਦੋਂ ਮਰਜ਼ੀ ਪਰਖ ਕੇ ਵੇਖ ਲਿਉ“

ਮੈਨੂੰ ਐਂ ਲੱਗਿਆ ਕਿ ਆਹ ਕਿਰਤੀ ਬੰਦਾ ਅਨੇਕਾਂ ‘ਮੁਅੱਜ਼ਜ਼’ ਬੰਦਿਆਂ ਤੋਂ ਕਿਤੇ ਉੱਚਾ ਮੁਅੱਜ਼ਜ਼ ਬੰਦੈ ਜੀਹਦੀ ਜੇਬ ‘ਚ ਤਾਂ ਹੱਕ ਹਲਾਲ ਦੀ ਬੇਸ਼ੱਕ ਥੋੜੀ ਪੂੰਜੀ ਹੈ ਪਰ ਰੂਹ ਦਾ ਬਾਦਸ਼ਾਹ ਹੈ ਤੇ ਚਿਹਰੇ ਤੇ ਖੁਸ਼ੀ ਜਿਵੇਂ ਸਤਿਅਮ ਦਾ ਸ਼ਿਵ ਨਾਚ ਕਰ ਰਹੀ ਹੋਵੇ ਇਮਾਨਦਾਰੀ ਨਾਲ ਛੋਟੇ ਜਿਹੇ ਧੰਦੇ ਵਿਚੋਂ ਹੀ ਖੁਸ਼ੀਆਂ ਦਾ ਅਨਮੋਲ ਖਜਾਨੇ ਦਾ ਵੱਡਾ ਮਾਲਕ ਮੈਂ ਵੇਖ ਰਿਹਾ ਸੀ ਬਖਤੌਰੇ ਦੇ ਚਿਹਰੇ ਤੋਂ

ਮੈਨੂੰ ਓਸ ਵੇਲੇ ਬਥੇਰੇ ਐਸੇ ਦਿੱਸੇ ਜਿੰਨ੍ਹਾ ਕੋਲ ਪੈਸੇ ਦਾ ਕੋਈ ਅੰਤ ਨਹੀਂ, ਪਰ ਅਸਲ ਖੁਸ਼ੀਆਂ ਦਾ ਖਜਾਨਾ ਉਹਨਾਂ ਦੇ ਚਿਹਰਿਆਂ ਤੋਂ ਕਿਤੇ ਭਾਲਿਆਂ ਨਹੀਂ ਮਿਲਦਾ ਹਾਂ ਸਹੂਲਤਾਂ ਕਰਕੇ ‘ਮੁਅੱਜ਼ਜ਼’ ਦੀ ਪੈਠ ਤਾਂ ਉਹਨਾਂ ਸਮਾਜ ‘ਚ ਬਣਾਈ ਹੋਈ ਹੈ ।

# ਕਬੱਡੀ ਦਾ ਚਮਕਦਾ ਸਿਤਾਰਾ- ਜਗਰੂਪ ਸਿੰਘ ਰੂਪਾ "ਹਠੂਰ"

ਲੁਧਿਆਣੇ ਜਿਲ੍ਹੇ ਦੀ ਜਗਰਾਉਂ ਤਹਿਸੀਲ ਦੇ ਇਤਿਹਾਸਕ ਪਿੰਡ ਹਠੂਰ ਦੀ ਕਬੱਡੀ ਖੇਡ ਦੀ ਗੱਲ ਕਰੀਏ ਤਾਂ ਬਹੁਤ ਸਾਰੇ ਮਸ਼ਹੂਰ ਖਿਡਾਰੀਆਂ ਦੇ ਨਾਮ ਆਉਂਦੇ ਹਨ ਜਿਹਨਾਂ ਵਿੱਚ ਰੂਪੇ ਹਠੂਰ ਦਾ ਜਿਕਰ ਖਾਸ ਤੌਰ ਤੇ ਆਉਂਦਾ ਹੈ

ਪੰਜਾਬ ਦੀ ਮਿੱਟੀ ਨਾਲ਼,ਮੁੜ੍ਹਕੇ ਨਾਲ,ਦਮ-ਖ਼ਮ ਅਤੇ ਫੁਰਤੀ ਨਾਲ਼ ਜੁੜੀ ਖੇਡ ਕਬੱਡੀ ਨਾਲ ਬਚਪਨ ਤੋਂ ਹੀ ਜੁੜਿਆ ਰੂਪਾ ਹਠੂਰ ਸਕੂਲ ਦੇ ਗਰਾਊਂਡ ਚ' ਸਵੇਰੇ ਸ਼ਾਮ ਮੱਥਾ ਟੇਕ ਕੇ ਆਪਣਾ ਗੋਰਾ ਪਿੰਡਾ ਗਰਮਾਉਂਦਾ ਤੇ ਗਰਾਊਂਡ ਚ' ਆਪਣੇ ਸਾਥੀਆਂ ਨਾਲ ਦਮ ਪਕਾਉਣ ਲਈ ਬਿਨਾ ਨਾਗਾ ਦੌੜਦਾ,ਖੇਡਦਾ ਨਜ਼ਰ ਆਉਂਦਾ ਆਪਣੀ ਕਬੱਡੀ ਟੀਮ ਨੂੰ ਮਜਬੂਤ ਬਣਾਉਂਦਾ,ਆਪਣੇ ਦਰਸ਼ਨੀ ਸਰੀਰ ਨੂੰ ਲਿਸ਼ਕਾਉਂਦਾ ਰੇਡ ਪਾਉਂਦਾ, ਸਹਿਭਾਵਨਾ ਨਾਲ ਖੇਡਦਾ ਤੇ ਮੁਸਕਰਾਉਂਦਾ ਸਾਰਿਆਂ ਨੂੰ ਚੰਗਾ ਲਗਦਾ ਉਸਨੇ ਕਾਲ਼ੇ ਕੋਚ ਅਤੇ ਬੱਗੇ ਹੁਰਾਂ ਦੀ ਅਗਵਾਈ 'ਚ ਦਾਅ ਪੇਚ ਸਿੱਖੇ ਹਠੂਰ ਵਿੱਚ ਰੂਪੇ ਦੇ ਇਸ ਦੌਰ ਤੋਂ ਪਹਿਲਾਂ ਦੇ ਖਿਡਾਰੀ ਵੀ ਪਿੰਡ ਚ' ਕਾਫੀ ਵਧੀਆ ਖੇਡ ਭਾਵਨਾ ਵਾਲਾ ਮਾਹੌਲ ਸਿਰਜ ਚੁੱਕੇ ਸੀ ਮੈਚ ਤੋਂ ਪਹਿਲਾਂ ਤੇ ਬਾਅਦ 'ਚ ਰੂਪੇ ਦੁਆਲ਼ੇ ਉਸਦੇ ਪ੍ਰਸ਼ੰਸਕ ਝੁਰਮਟ ਜਿਹਾ ਬਣਾਈ ਰੱਖਦੇ ਤੇ ਉਸਦੇ ਸਾਥੀ ਖਿਡਾਰੀ ਹਾਸੇ ਮਜਾਕ ਦੀਆਂ ਗੱਲਾਂ ਕਰਦੇ ਪਤਾ ਹੀ ਨਹੀਂ ਕਿੰਨੇ ਈ ਖਿਡਾਰੀ ਉਸਦੀ ਸੰਗਤ 'ਚ ਹੀਰੇ ਵਾਂਗ ਤਰਾਸੇ ਗਏ ਜਿਹਨਾਂ ਨੇ ਵੱਖ- ਵੱਖ ਖੇਤਰਾਂ ਵਿੱਚ ਮੱਲਾਂ ਮਾਰੀਆਂ

ਉਸਨੇ ਪ੍ਰਾਇਮਰੀ ਸਕੂਲ ਤੋਂ 32 ਕਿੱਲੋ ਭਾਰ ਵਰਗ ਕਬੱਡੀ ਸ਼ੁਰੂ ਕੀਤੀ ਤੇ ਟੀਮ ਦੇ ਬਾਕੀ ਸਾਥੀ ਖਿਡਾਰੀਆਂ ਵਿੱਚ ਬੀਰਾ,ਰਾਣਾ,ਸੇਮਾ,ਗੀਤਾ,ਬਿੱਟੂ,ਗਾਮਾ, ਪੰਮਾ ਗਿਆਨੀ ਮਾਸਟਰ ਭਾਗ ਸਿੰਘ ਜੀ ਦਾ ਬੇਟਾ, ਲਾਲੀ ਤੇ ਸਰਬਾ ਸਨ ਪਹਿਲਾ ਮੈਚ ਬੀਹਲੇ ਖੇਡਿਆ,ਚਾਲ਼ੀ ਰੁਪਏ ਅਤੇ ਜੱਗ ਇਨਾਮ ਵਜੋਂ ਜਿੱਤਿਆ ਅਨੇਕਾਂ ਮੈਚ ਖੇਡਦਿਆਂ 52 ਕਿੱਲੋ ਭਾਰ ਵਰਗ ਟੀਮ ਵਿੱਚ ਪੈਰ ਧਰਿਆ ਇਸ ਟੀਮ ,'ਚ ਕਾਲੂ , ਮਾਝੇ ਆਲ਼ਿਆਂ ਦਾ ਮਲਕੀਤ,ਗੋਖ਼ੀ,ਜਿੰਦਰ ਡਰਾਇਵਰ ਵਰਗੇ ਹੁੰਦੇ ਇਹਨਾਂ ਨੇ ਰੂਪੇ ਨੂੰ ਥਾਪੀ ਦੇਕੇ ਰੇਡ ਪਾਉਣ ਭੇਜਣਾ ਰੂਪੇ ਨਾਲਕਾਲ਼ਾ,ਬਲਜੀਤ,ਸਰਬਾ,ਬੀਰਾ,ਹਰ ਜੀਤ ਪੱਕੇ ਬੇਲੀਆਂ ਦੀ ਸੰਗਤ ਰਹੀ ਬਵੰਜਾ ਕਿੱਲੋ ਟੀਮ ਵਿੱਚ ਭੈਣੀ ਦਰੇੜਾਂ, ਗਹਿਲਾਂ,ਕਾਉਂਕੇ,ਤਖਤੂਪੁਰਾ,ਕਿਸ਼ਨਪੁਰ ਾ ਅਤੇ ਭਿੰਡਰ ਆਦਿ ਪਿੰਡਾਂ ਚ' ਮੈਚ ਜਿੱਤੇ ਇਸੇ ਸਮੇਂ ਸਕੂਲੀ ਮੁਕਾਬਲਿਆਂ ਦੌਰਾਨ ਨੈਸ਼ਨਲ ਕਬੱਡੀ ਵੀ ਖੇਡੀ ਫੇਰ 57 ਕਿੱਲੋ ਖੇਡੀ ਉਸਤੋਂ ਬਾਅਦ 62 ਕਿੱਲੋ ਵੀ ਵਧੀਆ ਖੇਡੀ 1989-90 ਦੇ ਦੌਰ ਦੀ ਗੱਲ ਹੈ ਜਦੋਂ ਹਰਜੀਤ,ਕਾਲ਼ਾ, ਦੋਵੇਂ ਬਲਜੀਤ,ਅਤੇ ਸਰਬੇ ਹੁਰਾਂ ਨਾਲ ਵਧੀਆ ਟੀਮ ਰਹੀ ਖੇਡ ਕਲੱਬ ਵਾਲੇ ਰੂਪੇ ਨੂੰ ਬਹੁਤ ਮਾਣ ਦਿੰਦੇ ਰਹੇ ਜਿਵੇਂ ਦਰਸ਼ਨ ਸਿੰਘ ,ਮੁਖਤਿਆਰ ਸਿੰਘ, ਪੈਂਕਾ ਪੰਡਤ, ਪੈਂਕੇ ਦੇ ਪਿਤਾ ਮਾਸਟਰ ਮਨੋਹਰ ਲਾਲ, ਮੈਂਬਰ ਸੰਤੋਖ ਸਿੰਘ ਇਹਨਾਂ ਨੇ ਰੂਪੇ ਦੀ ਸੋਹਣੀ ਖੇਡ ਤੋਂ ਪ੍ਰਭਾਵਿਤ ਹੋਕੇ ਬੜੀ ਹੱਲਾਸ਼ੇਰੀ ਦਿੱਤੀ,ਇਹਨਾਂ ਵੱਲੋਂ ਖੁਰਾਕ ਦਾ ਵੀ ਧਿਆਨ ਰੱਖਿਆ ਗਿਆ ਜਿਸ ਵਿੱਚ ਦੇਸੀ ਘਿਓ ਤੇ ਦੁੱਧ ਸ਼ਾਮਲ ਹੁੰਦਾ

ਗਰਾਊਂਡ ਵਿੱਚ ਰੋਜ਼ਾਨਾ ਪ੍ਰੈਕਟਿਸ ਕਰਨਾ ਰੂਪੇ ਦਾ ਨਿੱਤਨੇਮ ਹੀ ਸੀ ਸਵੇਰੇ ਚਾਰ ਵਜੇ ਗਰਾਊਂਡ ਵਿੱਚ ਹੋਣਾ ਤੇ ਦੋ ਘੰਟੇ ਦੱਬ ਕੇ ਲਾਉਣੇ ਉਸਨੇ ਸਾਥੀਆਂ ਨਾਲ ਸਪਰੈਂਟਾਂ ਲਾਉਂਣੀਆਂ,ਡੰਡ ਲਾਉਣੇ, ਟਾਇਰ ਬੰਨ੍ਹ ਕੇ ਰਨਿੰਗ ਕਰਨੀ ਰੱਸਾ ਚੜ੍ਹਨਾ ਵਗੈਰਾ ਵਗੈਰਾ ਫੇਰ ਸ਼ਾਮ ਨੂੰ ਵੀ ਏਦਾਂ ਈ ਪ੍ਰੈਕਟਿਸ ਲਾਉਣੀ ਹਠੂਰ ਵਿੱਚ ਪ੍ਰਾਇਮਰੀ ਅਤੇ ਹਾਈ ਦੀ ਪੜ੍ਹਾਈ ਦੌਰਾਨ ਬਹੁਤ ਸਾਰੇ ਮੈਚ ਖੇਡੇ ਅਤੇ ਸ਼ਾਨਦਾਰ ਰੇਡਰ ਵਜੋਂ ਜੇਤੂ ਹੋਕੇ ਉੱਭਰਦਾ ਰਿਹਾ ਸਕੂਲ ਦੀ ਟੀਮ ਵਿੱਚ ਪੰਜਾਬ ਸਟੇਟ ਦੀਆਂ ਖੇਡਾਂ ਵਿੱਚ ਰੇਡਰ ਬਣ ਕੇ ਜੇਤੂ ਭੂਮਿਕਾ ਨਿਭਾਈ ਇਹ ਕੋਈ 1988-89 ਦੀ ਗੱਲ ਹੋਣੀ ਜਦੋਂ ਸਟੇਟ ਦੀਆਂ ਖੇਡਾਂ ਵਿੱਚ ਜੇਤੂ ਰਿਹਾ ਬੜਾ ਫਸਵਾਂ ਮੈਚ ਸੀ ਖੰਨੇ ਦੇ ਖੇਡ ਗਰਾਊਂਡ ਵਿੱਚ ਖੰਨੇ ਵਿੱਚ ਅਣਗਿਣਤ ਦਰਸ਼ਕਾਂ ਦੀ ਭੀੜ ਨਾਲ ਭਰਿਆ ਖੇਡ ਮੈਦਾਨ ਤੇ ਮੈਦਾਨ ਦਾ ਹੀਰੋ ਰੂਪਾ ਹੀ ਜਾਪਦਾ ਸੀ ਉਸਨੇ ਸੈਕੰਡਰੀ ਦੀ ਪੜ੍ਹਾਈ ਲਈ ਅਤੇ ਖੇਡਾਂ ਲਈ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਸੁਧਾਰ ਵਿੱਚ ਦਾਖਲਾ ਲਿਆ 1992-93 ਦੀ ਗੱਲ ਆ ਜਦੋਂ ਸੁਧਾਰ ਤੋਂ ਰੂਪਾ ਨੈਸ਼ਨਲ ਸਟਾਇਲ ਦਾ ਗੋਲਡ ਮੈਡਲਿਸਟ ਰਿਹਾ ਤੇ ਸੁਧਾਰ ਕਾਲਜ ਦੀ ਅਤੇ ਕਬੱਡੀ ਟੀਮ ਦੀ ਸ਼ਾਨ ਵਧਾਈ





ਪੇਂਡੂ ਖੇਡ ਮੇਲਿਆਂ ਵਿੱਚ 62 ਕਿੱਲੋ ਟੀਮ ਬੜੀ ਜੰਮ ਕੇ ਖੇਡੀ ਅਨੇਕਾਂ ਟੂਰਨਾਮੈਂਟ ਜਿੱਤੇ ਸਿਰਫ ਦੋ ਮੈਚ ਹਾਰੇ ਬਾਕੀ ਹਰ ਥਾਂ ਜੇਤੂ ਈ ਰਹੇ ਹਠੂਰ ਦੇ ਟੂਰਨਾਮੈਂਟ ਵਿੱਚ ਛੇ ਟੀਮਾਂ ਵਾਹਵਾ ਤਕੜੀਆਂ ਸੀ ਫਾਈਨਲ ਮੈਚ ਰਕਬੇ ਨਾਲ ਹੋਇਆ ਤੇ ਫਸਵੇਂ ਮੈਚ ਵਿੱਚ ਰਕਬੇ ਨੂੰ ਹਰਾਇਆ ਇਹ ਮੈਚ ਬੜਾ ਯਾਦਗਾਰੀ ਰਿਹਾ ਰੂਪਾ ਉਦੋਂ ਸੁਧਾਰ ਕਾਲਜ ਪੜ੍ਹਦਾ ਹੁੰਦਾ ਸੀ ਤੇ ਜਿਹੜੀ ਟੀ ਸ਼ਰਟ ਕਾਲਜ ਵੱਲੋਂ ਮਿਲੀ ਸੀ ਪਿੰਡ ਦੇ ਟੂਰਨਾਮੈਂਟ ਵਿੱਚ ਦਮਦਾਰ ਰੇਡਰ ਵਜੋਂ ਮੈਚ ਜਿੱਤਣ ਤੇਂ ਓਸੇ ਟੀ ਸ਼ਰਟ ਦੀ ਝੋਲ਼ੀ ਲੋਕਾਂ ਨੇ ਰੁਪਈਆਂ ਨਾਲ ਨੱਕੋ- ਨੱਕ ਭਰ ਦਿੱਤੀ ਸੀ ਤੇ ਐਨੇ ਪੈਸਿਆਂ ਨਾਲ ਲੋਕਾਂ ਨੇ ਮਾਣ ਬਖਸ਼ਿਆ ਕਿ ਨੋਟ ਝੋਲੀ ਤੋਂ ਬਾਹਰ ਡਿੱਗਦੇ ਰਹੇ,ਨਾਲ ਦੋ ਸਾਥੀ ਨੋਟ ਸਾਂਭ ਲੱਗੇ ਹੋਏ ਸੀ ਰੂਪਾ ਦੱਸਦਾ ਹੈ ਕਿ ਉਸ ਦਿਨ ਲੋਕਾਂ ਨੇ ਝੋਲੀ ਮਾਣ ਨਾਲ ਵੀ ਭਰੀ ਅਤੇ ਨੋਟਾਂ ਨਾਲ ਵੀ ਭਰੀ ਉਸਦੇ ਹਸਮੁੱਖ ਚਿਹਰੇ ਅਤੇ ਦਰਸ਼ਨੀ ਸਰੀਰ ਨੂੰ ਦੇਖਦਿਆਂ ਹਰ ਕੋਈ ਮਾਣ ਕਰਦਾ ਤੇਂ ਰੂਪਾ ਲੋਕਾਂ ਨੂੰ ਫਿਲਮੀ ਹੀਰੋ ਤੋਂ ਵੀ ਵਧਕੇ ਚੰਗਾ ਲਗਦਾ ਹਠੂਰ ਪਿੰਡ ਦੇ ਟੂਰਨਾਮੈਂਟ ਦੌਰਾਨ ਹੋਇਆ ਇਹ ਸ਼ਾਨਦਾਰ ਮੈਚ ਅੱਜ ਵੀ ਬਹੁਤ ਸਾਰੇ ਲੋਕਾਂ ਦੇ ਚੇਤਿਆਂ ਚ' ਵਸਿਆ ਹੋਇਆ ਹੈ

ਫੇਰ ਓਪਨ ਕਬੱਡੀ ਚ' ਪੁਲਾਂਘਾਂ ਪੁੱਟੀਆਂ ਇਸ ਟੀਮ ਚ' ਨਿਹਾਲ ਸਿਉਂ ਕਾ ਕੀਪਾ, ਬੱਗਾ,ਕਾਲਾ ਸਾਥੀ ਬਣੇ ਰੂਪਾ 1995 ਤੋਂ ਲੈਕੇ 2008 ਤੱਕ ਓਪਨ ਕਬੱਡੀ ਖੇਡਿਆ ਹਠੂਰ ਦਾ ਕਮਾਲਪੁਰੇ ਟੂਰਨਾਮੈਂਟ ਵਿੱਚ ਬੜੂੰਦੀ ਦੀ ਟੀਮ ਨਾਲ ਬੜਾ ਟੱਕਰ ਦਾ ਫਸਵਾਂ ਮੈਚ ਹੋਇਆ ਤੇ ਹਠੂਰ ਦੀ ਟੀਮ ਜੇਤੂ ਰਹੀ ਸੀ ਰੂਪੇ ਦੀ ਟੀਮ ਨੇ ਇੱਕ ਵਾਰ ਬੜੂੰਦੀ ਟੂਰਨਾਮੈਂਟ ਤੋਂ ਸੋਨੇ ਦਾ ਕੱਪ ਜਿੱਤਿਆ ਸੀ

ਓਪਨ ਦੇ ਪਹਿਲੇ ਈ ਸਾਲ 32 ਹਜ਼ਾਰ ਦਾ ਇਨਾਮ ਜਿੱਤਿਆ ਸੀ ਇਨਾਮ ਚ' ਮਿਲਿਆ ਸੋਨੇ ਦਾ ਕੱਪ ਗੁਰਦੁਆਰਾ ਛੇਵੀਂ ਪਾਤਸ਼ਾਹੀ ਹਠੂਰ ਵਿਖੇ ਰੱਖ ਕੇ ਸ਼ਰਧਾ ਵਜੋਂ ਮੱਥਾ ਟੇਕਿਆ ਕਮਲ ਹਠੂਰ ਅਤੇ ਛਿੰਦੇ ਹੁਰਾਂ ਨੇ ਬੜੀ ਸਪੋਟ ਕੀਤੀ ਇਹਨਾਂ ਨੇ ਹੀ ਬੁਲਟ ਮੋਟਰਸਾਈਕਲ ਦੇ ਕੇ ਸਨਮਾਨਿਤ ਕੀਤਾ

ਰਣਜੀਤ ਸਿੰਘ ਹਠੂਰ
99155-13137

ਸੀ ਰੂਪੇ ਨੂੰ

ਸਾਰੇ ਖਿਡਾਰੀਆਂ ਨੂੰ ਗਰਾਊਂਡ ਦਾ ਬੜਾ ਚਾਅ ਹੁੰਦਾ ਸੀ ਜਿਵੇਂ ਗੁਰਦੁਆਰੇ ਨਿੱਤਨੇਮ ਲਈ ਲੋਕ ਜਾਂਦੇ ਓਵੇਂ ਰੂਪਾ ਗਰਾਊਂਡ ਜਾਂਦਾ ਉਸਨੇ ਸਿਖਾਂਦਰੂਆਂ ਨੂੰ ਚੰਗੀ ਸੋਚ,ਚੰਗੀ ਸਿਹਤ ਅਤੇ ਚੰਗੀ ਸਿੱਖਿਆ ਵੀ ਵੰਡੀ

ਉਦੋਂ ਅੱਜ ਵਾਂਗੂੰ ਖਿਡਾਰੀ ਨਸ਼ਿਆਂ ਚ' ਨਹੀਂ ਸੀ ਪਏ ਸ਼ੁੱਧ ਖੁਰਾਕਾਂ,ਦੁੱਧ ਘਿਓ ਤੇ ਗੁੰਦਵੇਂ ਸਰੀਰ ਪੂਰਾ ਨਜ਼ਾਰਾ ਬੱਝਦਾ ਸੀ ਦਰਸ਼ਕਾਂ ਨੂੰ ਖਿਡਾਰੀਆਂ ਦੀ ਖੇਡ ਵੇਖ ਕੇ ਨਾ ਕੋਈ ਟੀਕਾ, ਨਾ ਕੋਈ ਮੈਡੀਸਨ ਤੇ ਨਾ ਕੋਈ ਹੋਰ ਨਸ਼ਾ ਹੁੰਦਾ ਉਦੋਂ ਪੰਜਾਬੀ ਗਾਇਕ ਵੀ ਨਸ਼ਿਆਂ ਅਤੇ ਹਾਉਮੇਂ ਵਾਲੇ ਗਾਣੇ ਨਹੀਂ ਗਾਉਂਦੇ ਸੀ ਮਨੋਰੰਜਨ ਦੇ ਨਾਲ-ਨਾਲ ਬਹੁਤੇ ਗੀਤ ਨੈਤਿਕ ਕਦਰਾਂ ਕੀਮਤਾਂ ਵਾਲੇ ਹੁੰਦੇ ਸਧਾਰਨ ਐਸ ਸੀ ਪਰਿਵਾਰ ਵਿੱਚ ਜੰਮਿਆ ਚਾਰ ਪੰਜ ਭੈਣ ਭਰਾਵਾਂ ਦਾ , ਮਾਂ ਬਾਪ ਦਾ ਅਤੇ ਪਿੰਡ ਵਾਲਿਆਂ ਦਾ ਪਿਆਰ ਮਾਣਦਾ ਹੋਇਆ ਰੂਪਾ ਕਬੱਡੀ ਦੀ ਸ਼ਾਨ ਬਣਿਆ ਰਿਹਾ

ਸਮਾਜ ਵੀਕਲੀ ਨਿਊਜ਼

ਪੰਮੀ ਮੱਲ੍ਹਾ, ਭਿੰਦਰ ਤੇ ਭੋਲਾ ਗਹਿਲਾਂ ਵਾਲੇ, ਭਿੰਡਰਾਂ ਦਾ ਬਿੱਲਾ,ਸੀਰਾ,ਚਕਰ ਦਾ ਕਰਮਾ,ਗੱਗੀ,ਕਾਕਾ,ਮੰਦਰ ਗਾਲਿਬ ਦਾ, ਛੋਟਾ ਸਿਉਂ ਕਾ ਗਾਜੀ, ਜੀਤਾ ਰਤਨ ਸਿਉਂ ਕਾ ਅਤੇ ਜੀਤਾ ਬਹਾਲ ਸਿਉਂ ਕਾ,ਦਰਬਾਰਾ ਸਿੰਘ ਅੱਚਰਵਾਲੀਆ,ਮੱਘਰ,ਛਾਂਗਾ,ਮੁਖਤਿਆਰ ਘੋਦੀ ਅਤੇ ਦਰਸੀ ਵਰਗੇ ਮੰਨੇ ਪ੍ਰਮੰਨੇ

ਪੁਰਾਣੇ ਖਿਡਾਰੀ ਰੂਪੇ ਨੂੰ ਅਚੇਤ ਜਾਂ ਸੁਚੇਤ ਰੂਪ ਚ' ਪ੍ਰੇਰਿਤ ਕਰਦੇ ਰਹੇ

ਖਿਡਾਰੀਆਂ ਨੂੰ ਉਦੋਂ ਕੋਈ ਬਹੁਤੇ ਇਨਾਮ ਨਹੀਂ ਮਿਲਦੇ ਹੁੰਦੇ ਸੀ ਪਰ ਖੇਡ ਚੰਗੀ ਸੀ ਹੁਣ ਤਾਂ ਇਨਾਮ ਬਹੁਤ ਵੱਡੇ ਹੋ ਗਏ ਪਰ ਖੇਡ ਮਾੜੀ ਹੋ ਗਈ ਹੈ ਰੂਪਾ ਆਪਣੇ ਤਜ਼ਰਬੇ ਨਾਲ ਆਖਦਾ ਹੈ ਕਿ ਇਨਾਮ ਨਾ ਲੋੜੋਂ ਘੱਟ ਨਾ ਲੋੜੋਂ ਜਿਆਦਾ ਹੋਣਾ ਚਾਹੀਦਾ ਲੋੜੋਂ ਜਿਆਦਾ ਇਨਾਮੀ ਰਾਸ਼ੀ ਖਿਡਾਰੀਆਂ ਦੀਆਂ ਆਦਤਾਂ ਖਰਾਬ ਕਰਦੀ ਹੈ ਰੂਪਾ ਆਖਦਾ ਹੈ ਕਿ ਜਿਆਦਾ ਇਨਾਮ ਦੇ ਲਾਲਚ ਵਿੱਚ ਟੀਮਾਂ ਰਲ ਕੇ ਨਾ ਖੇਡਣ ਸਗੋਂ ਸ਼ੁੱਧ ਖੇਡ ਖੇਡਣ ਖਿਡਾਰੀਆਂ ਦੇ ਇਨਾਮਾਂ ਨਾਲੋਂ ਜਿਆਦਾ ਪੈਸੇ ਸਟੇਡੀਅਮ ਅਤੇ ਗਰਾਊਂਡਾਂ ਉੱਤੇ ਖਰਚੇ ਜਾਣ,ਲੋੜਵੰਦ ਖਿਡਾਰੀਆਂ ਉੱਤੇ ਖਰਚੇ ਜਾਣ, ਇਸ ਪੈਸੇ ਨਾਲ ਬਹੁਤ ਸਾਰੇ ਹੋਣਹਾਰ ਲੋੜਵੰਦ ਖਿਡਾਰੀਆਂ ਨੂੰ ਸਹਾਇਤਾ ਦੇਕੇ ਤਰਾਸ਼ਿਆ ਜਾ ਸਕਦਾ ਹੈ ਬਹੁਤੇ ਇਨਾਮਾਂ ਵਾਲੀ ਖੇਡ ਮਿਲ ਕੇ ਖੇਡਣ ਦੀ ਜਾਣੀ ਧੋਖੇਬਾਜੀ ਵਾਲੀ ਖੇਡ ਦੀ ਪਿਰਤ ਪਾ ਰਹੀ ਹੈ ਰੂਪੇ ਅਨੁਸਾਰ ਖੇਡਾਂ ਚ' ਲੰਮੀ ਪਾਰੀ ਉਹੀ ਖੇਡਦੇ ਨੇ ਜਿਹੜੇ ਨਸ਼ੇ ਤੋਂ ਦੂਰ ਰਹਿ ਕੇ ਮਿਹਨਤ ਲਾਉਂਦੇ ਨੇ ਖੇਡ ਜੀਵਨ ਦੀ ਲੰਮੀ ਪਾਰੀ ਖੇਡਣ ਤੋਂ ਬਾਅਦ ਹੁਣ ਕਬੱਡੀ ਕੋਚ ਵਜੋਂ ਬਹੁਤ ਸਾਰੇ ਖਿਡਾਰੀਆਂ ਨੂੰ ਟ੍ਰੇਨਿੰਗ ਦੇ ਚੁੱਕਿਆ ਹੈ ਰੂਪਾ ਉਸਨੇ ਹਠੂਰ ਦੇ ਗੁਆਂਢੀ ਪਿੰਡ ਗਾਗੇਵਾਲ ਕੋਚਿੰਗ ਦਾ ਪਹਿਲਾ ਕੈਂਪ ਲਾਇਆ, ਟੀਮ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ, ਪਿੰਡ ਕਾਲਸਾਂ ਕੋਚਿੰਗ ਦਿੱਤੀ, ਸੱਤ ਸਾਲ ਚੱਕ ਕਲਾਂ ਲਾਏ, ਰਾਮੇ,ਚੰਨਣਵਾਲ,ਘੰਡਾਬੰਨਾ ਭਦੌੜ ਨੇੜੇ,ਫੇਰ ਚਕਰ,ਅਖਾੜਾ,ਲੰਮਾ ਜੱਟਪੁਰਾ,ਲੱਖਾ,ਝੋਰੜਾਂ,ਅੱਚਰਵਾਲ,ਸਹੌਰ ਵਰਗੇ ਪਿੰਡਾਂ ਚੋਂ' ਹਜ਼ਾਰਾਂ ਖਿਡਾਰੀ ਤਿਆਰ ਕੀਤੇ ਰੂਪੇ ਨੇ ਜਿੱਥੇ ਆਪਣੇ ਪਿੰਡ ਹਠੂਰ ਦੇ ਗਰਾਊਂਡਾਂ 'ਚ ਲੰਮਾ ਸਮਾਂ ਮੁੜ੍ਹਕਾ ਵਹਾਇਆ ਹੈ ਉੱਥੇ ਆਪਣੇ ਨਾਨਕੇ ਪਿੰਡ ਜਾਣੀ ਹਿੰਮਤਪੁਰੇ ਦੇ ਗਰਾਊਂਡਾਂ 'ਚ ਵੀ ਕਬੱਡੀ ਖੇਡੀ ਹੈ ਤੇ ਆਪਣੇ ਸਹੁਰਿਆਂ ਦੇ ਪਿੰਡ ਕਲਾਲ ਮਾਜਰਾ ਦੇ ਗਰਾਊਂਡਾਂ 'ਚ ਕਬੱਡੀ ਕੋਚ ਵਜੋਂ ਲੋਹਾ ਮਨਵਾਇਆ ਹੈ ਜਾਣੀ ਕਹਿ ਸਕਦੇ ਹਾਂ ਕਿ ਰੂਪੇ ਨੇ ਆਪਣੇ ਪਿੰਡ, ਆਪਣੇ ਨਾਨਕੇ ਅਤੇ ਆਪਣੇ ਸਹੁਰਿਆਂ ਦੇ ਪਿੰਡ ਦਾ ਨਾਮ ਵੀ ਰੌਸ਼ਨ ਕੀਤਾ ਹੈ ਅੱਜ-ਕੱਲ੍ਹ ਕੋਚਿੰਗ ਮੌਕੇ ਗਰਾਊਂਡ ਵਿੱਚ ਰੂਪੇ ਦੇ ਹੱਥ ਚ' ਡੰਡਾ ਵੀ ਹੁੰਦਾ ਤਾਂ ਕਿ ਉਸਤਾਦੀ ਦੀ ਪਕੜ ਕਿਤੇ ਢਿੱਲੀ ਨਾ ਪੈ ਜਾਏ ਨਵੇਂ-ਨਵੇਂ ਸ਼ਗਿਰਦ ਰੂਪੇ ਦੇ ਤਜ਼ਰਬੇ ਅਤੇ ਸੁੱਚੇ ਮੁੜ੍ਹਕੇ 'ਚੋਂ' ਕਮਾਏ ਹੋਏ ਕਰਾਮਾਤੀ ਨੁਕਤਿਆਂ ਨੂੰ ਸਿੱਖ ਕੇ ਕਿਸੇ ਵੱਖਰੀ ਹੀ ਦੁਨੀਆ ਦਾ ਅਨੰਦ ਮਾਣਦੇ ਨਜ਼ਰ ਆਉਂਦੇ ਨੇ ਰੂਪੇ ਦੀ ਮਿਹਨਤ ਦਾ ਮੁੜ੍ਹਕਾ ਅਣਗਿਣਤ ਪਿੰਡਾਂ ਦੇ ਗਰਾਊਂਡਾਂ ਦੀ ਮਿੱਟੀ ਨੂੰ ਸਿੰਜ ਚੁੱਕਿਆ ਹੈ ਤੇ ਉਸਦੇ ਮੁੜ੍ਹਕੇ ਦੀ ਖੁਸ਼ਬੋ ਮਾਲਵੇ ਵਾਲਿਆਂ ਨੂੰ ਨਸ਼ੇ ਦੀ ਤਰਾਂ ਹੀ ਮਹਿਸੂਸ ਹੁੰਦੀ ਹੈ ਕਹਿੰਦੇ ਨੇ ਜਿੱਥੇ ਕੰਮ ਅਤੇ ਕਾਮਾ ਇੱਕ ਸੁਰ ਹੋ ਜਾਵੇ ਉੱਥੇ ਕਲਾ ਦਾ ਜਨਮ ਹੁੰਦਾ ਹੈ ਰੂਪੇ ਦੇ ਏਸੇ ਗੁਣ ਕਰਕੇ ਹੀ ਉਸਦੀ ਖੇਡ ਕਲਾ ਨੇ ਲੋਕਾਂ ਦੇ ਦਿਮਾਗ ਤੇਂ ਕਈ ਦਹਾਕਿਆਂ ਤੋਂ ਜਾਦੂ ਵਰਗਾ ਅਸਰ ਬਣਾਇਆ ਹੋਇਆ ਹੈ ਤਨੋਂ ਮਨੋਂ ਪੂਰਾ ਦਿਲ ਲਾ ਕੇ ਪ੍ਰੈਕਟਿਸ ਕਰਵਾਉਂਦਾ ਹੋਇਆ ਰੂਪਾ ਕੋਚਿੰਗ ਤੋਂ ਵਧੀਆ ਕਮਾਈ ਕਰ ਰਿਹਾ ਹੈ ਕੋਚਿੰਗ ਦੇਣ ਲਈ ਕਦੇ ਪੱਤੋ ਹੀਰਾ ਸਿੰਘ ਹਰ ਰੋਜ਼ ਸਾਇਕਲ ਤੇਂ ਜਾਂਦਾ ਰਿਹਾ ਅਤੇ ਘਰੋਂ ਤਿੰਨ ਵਜੇ ਚੱਲ ਕੇ ਪੰਜ ਵਜੇ ਪਹੁੰਚਦਾ ਤੇਂ ਵਾਪਸ ਜਾਣ ਵੇਲੇ ਪੱਤੋ ਵਾਲੇ ਖਿਡਾਰੀ ਆਪਣੇ ਉਸਤਾਦ ਰੂਪੇ ਨੂੰ ਦੁੱਧ ਦਾ ਜੱਗ ਭਰਕੇ ਪਿਆ ਕੇ ਤੋਰਦੇ ਇਸ ਤਰਾਂ ਪਿੰਡ ਨੂੰ ਵਾਪਸੀ ਮੌਕੇ ਸ਼ਗਿਰਦਾਂ ਨੂੰ ਸਿਖਾਏ ਦਾਅ ਪੇਚਾਂ ਦੀ ਖੁਸ਼ੀ ਭਰੀਆਂ ਤਰੰਗਾਂ ਸਾਇਕਲ ਚਲਾਉਂਦਿਆਂ ਚਲਾਉਂਦਿਆਂ ਪਿੰਡ ਦੀ ਪਹੁੰਚ ਅਸਾਨ ਕਰ ਦਿੰਦੀਆਂ ਜ਼ਿੰਦਗੀ ਵਿੱਚ ਉਤਰਾਅ ਚੜ੍ਹਅ ਤਾਂ ਆਉਂਦੇ ਰਹਿੰਦੇ ਨੇ ਪਰ ਰੂਪੇ ਨੇ ਹਿੰਮਤ ਅਤੇ ਮਿਹਨਤ ਦਾ ਲੜ ਨਹੀਂ ਛੱਡਿਆ

ਕੋਚ ਵਜੋਂ ਪਿੰਡ ਚੱਕ ਵਾਲਿਆਂ ਨੇ ਰੂਪੇ ਨੂੰ ਸੋਨੇ ਦੀ ਚੈਨੀ ਪਾਕੇ ਸਨਮਾਨਿਤ ਕੀਤਾ ਹੋਰ ਵੀ ਮਾਣ ਸਨਮਾਨ ਬਹੁਤ ਹੋਏ ਬਹੁਤ ਸਾਰੇ ਸ਼ਗਿਰਦ ਇੰਡੀਆ ਤੋਂ ਬਾਹਰ ਵੀ ਖੇਡਣ ਗਏ,ਪੁਲਿਸ ਅਤੇ ਫੌਜ ਵਿੱਚ ਭਰਤੀ ਵੀ ਹੋਏ ਬਹੁਤ ਸਾਰੀਆਂ ਕੁੜੀਆਂ ਨੂੰ ਵੀ ਖੇਡਾਂ ਸਬੰਧੀ ਪ੍ਰੈਕਟਿਸ ਕਰਵਾਈ ਅਤੇ ਭਰਤੀ ਵੀ ਹੋਈਆਂ ਮਾਤਾ ਸੁਖਦੇਵ ਕੌਰ ਅਤੇ ਪਿਤਾ ਅਜੀਤ ਸਿੰਘ ਦੇ ਲਾਡਲੇ ਸਪੁੱਤਰ ਨੇ ਆਪਣਾ,ਆਪਣੇ ਮਾਪਿਆਂ,ਪਿੰਡ ਹਠੂਰ ਦਾ ਨਾਮ ਬੜੇ ਮਾਣ ਅਤੇ ਸਨਮਾਨ ਨਾਲ ਉੱਚਾ ਕਰਿਆ ਹੈ ਜਗਰੂਪ ਸਿੰਘ ਰੂਪੇ ਦੇ ਦੋ ਨੌਜਵਾਨ ਆਗਿਆਕਾਰੀ ਮੁੰਡੇ ਵੀ ਕਬੱਡੀ ਖੇਡ ਦੇ ਚਮਕਦੇ ਸਿਤਾਰੇ ਬਣ ਕੇ ਖੇਡ ਰਹੇ ਨੇ ਜਦੋਂ-ਜਦੋਂ ਵੀ ਕਬੱਡੀ ਦੀ ਗੱਲ ਚੱਲੇਗੀ ਤਾਂ ਰੂਪੇ ਨੂੰ ਇੱਕ ਆਦਰਸ਼ ਖਿਡਾਰੀ ਵਜੋਂ ਗਿਣਿਆ ਜਾਵੇਗਾ ਖੇਡ ਭਾਵਨਾ ਨੂੰ ਪ੍ਰਣਾਏ ਹੋਏ ਖਿਡਾਰੀ ਅਤੇ ਕੋਚ ਰੂਪੇ ਨੂੰ ਵਾਹਿਗੁਰੂ ਏਸੇ ਤਰਾਂ ਗਰਾਊਂਡ ਨਾਲ ਜੋੜੀ ਰੱਖੇ ਅਤੇ ਉਸਦਾ ਹਸਮੁੱਖ ਚਿਹਰਾ ਸਾਰਿਆਂ ਨੂੰ ਨਵੀਂ ਊਰਜਾ ਨਾਲ ਸਰਸ਼ਾਰ ਕਰਦਾ ਰਹੇ।

# ਫੌਜੀਆਂ ਦੀ ਸੰਘਰਸ਼ਮਈ ਜ਼ਿੰਦਗੀ ਦਰਸਾਉਂਦਾ ਨਾਵਲ ਬੁਖ਼ਾਰੀ



ਤੇਜਿੰਦਰ ਚੰਡਿਹੋਕ




ਕੋਈ ਵੀ ਭਾਸ਼ਾ ਸਾਡੇ ਵਿੱਚ ਮਿੱਤਰਤਾ ਪੈਦਾ ਕਰਦੀ ਹੈ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਲਿਖਣਾ ਭਾਵ ਅਨੁਵਾਦ ਕਰਨਾ ਜਾਂ ਪੜ੍ਹਨਾ ਸਾਨੂੰ ਉਹਨਾਂ ਇਕ ਦੂਜੇ ਦੇ ਨੇੜੇ ਲੈ ਕੇ ਆਉਂਦਾ ਹੈ ਇਕ ਦੂਜੇ ਨੇੜੇ ਤੋਂ ਜਾਣਨ ਵਿਚ ਸਹਾਈ ਹੁੰਦਾ ਹੈ

ਰਿਟਾਇਰਡ ਪ੍ਰਿੰਸੀਪਲ ਪ੍ਰੋਮਿਲਾ ਦੇਵੀ ਅਰੋੜਾ ਲੇਖਕਾਂ ਦੇ ਖੇਤਰ ਵਿੱਚ ਕੋਈ ਅਨਜਾਣ ਸਾਹਿਤਕ ਹਸਤੀ ਨਹੀਂ ਹੈ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ ਦੀ ਗਿਆਤਾ ਹੈ ਅਤੇ ਤਿੰਨਾਂ ਭਾਸ਼ਾਵਾਂ ਦੀ ਲੇਖਿਕਾ ਹੈ ਇਸ ਨੇ ਯੂੰ ਭੀ ਹੋਤਾ ਹੈ ਕਾਵਿ ਸੰਗ੍ਰਹਿ, ਹਿੰਦੀ ਸਿਨੇਮਾ ਕੀ ਭੂਲੀ ਵਿਸਾਰੀ ਵਿਭੂਤੀਆਂ ਤੋਂ ਇਲਾਵਾ ਕਈ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਹੈ ਕਈ ਸੰਸਥਾਵਾਂ ਦੀ ਪ੍ਰਤੀਨਿਧ ਵੀ ਹੈ ਹੁਣ ਉਸ ਨੇ ਗਲੇਸ਼ੀਅਰ ਯੁੱਧ ਤੇ ਅਧਾਰਿਤ ਇਕ ਬੰਗਾਲੀ ਨਾਵਲ ਬੁਖ਼ਾਰੀ ਦਾ ਪੰਜਾਬੀ ਭਾਸ਼ਾ ਵਿੱਚ ਤਜ਼ਰਮਾ ਕੀਤਾ ਹੈ ਨਾਵਲ ਬੁਖ਼ਾਰੀ ਨੂੰ ਵਾਚਦਿਆਂ ਧਿਆਨ ਵਿੱਚ ਆਇਆ ਕਿ ਇਹ ਨਾਵਲ 1984 ਤੋਂ ਜੰਮੂ ਕਸ਼ਮੀਰ ਵਿਚ ਚੱਲ ਰਹੇ ਅਨ ਐਲਾਨੇ ਯੁੱਧ ਤੇ ਅਧਾਰਿਤ ਹੈ ਇਸ ਨਾਵਲ ਦਾ ਮੂਲ ਲੇਖਕ ਸਯਾਮਲ ਭੱਟਾਚਾਰੀਆ ਹੈ ਨਾਵਲ ਬਰਫੀਲੇ ਇਲਾਕੇ ਵਿਚ ਸੁਰੱਖਿਆ ਫੋਰਸਾਂ ਵੱਲੋਂ ਕੀਤੇ ਜਾ ਰਹੇ ਅਭਿਆਨ ਦੀ ਗਾਥਾ ਹੈ ਉਹਨਾਂ ਨੂੰ ਉਥੇ ਕੀ ਕੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਦਾ ਬਾ ਖੂਬੀ ਵਰਨਣ ਮਿਲਦਾ ਹੈ ਇਸ ਨਾਵਲ ਦੇ ਅਠਾਈ ਭਾਗ ਬਣਾਏ ਗਏ ਹਨ ਤੇ ਹਰੇਕ ਭਾਗ ਨੂੰ ਕਰਮ ਅੰਕ ਦੇਣ ਦੀ ਬਜਾਏ ਸਿਰਲੇਖ ਕੀਤਾ ਗਿਆ ਹੈ ਇਸ ਨਾਵਲ ਦਾ ਨਾਇਕ ਆਲੋਕ ਮਿੱਤਰ ਹੈ ਜਿਹੜਾ ਨਵਾਂ ਨਵਾਂ ਹਵਾ ਬਾਜ਼ੀ ਦੀ ਟ੍ਰੇਨਿੰਗ ਲੈ ਰਿਹਾ ਹੈ ਬੁਖ਼ਾਰੀ ਇਸ ਉਸ ਵਸਤੂ ਦਾ ਨਾਂ ਹੈ ਜਿਸ ਵਿੱਚ ਅੱਗ ਬਾਲ ਕੇ ਸੇਕਿਆ ਜਾਂਦਾ ਹੈ ਪਹਾੜੀ ਇਲਾਕੇ ਜੰਮੂ ਕਸ਼ਮੀਰ ਵਿਚ ਇਸ ਨੂੰ ਕਾਂਗੜੀ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ।

ਕਿਹੜੀ ਮਿੱਟੀ ਦੀ ਬਣੀ ਹੈ ਚਿੜੀਏ! ਨਾਵਲ ਦਾ ਪਹਿਲਾ ਭਾਗ ਹੈ ਜਿਸ ਵਿਚ ਫੌਜੀਆਂ ਦੇ ਜੀਵਨ, ਸੋਚ ਅਤੇ ਭਾਵਨਾਵਾਂ ਨੂੰ ਬਿਆਨ ਕੀਤਾ ਗਿਆ ਹੈ ਇਸ ਕਠਿਨ ਜੀਵਨ ਵਿਚ ਸਹਿਜਤਾ ਲਿਆਉਣ ਲਈ ਕੀਤਾ ਜਾਂਦਾ ਮਨੋਰੰਜਕ ਪ੍ਰੋਗਰਾਮ ਉਹਨਾਂ ਨੂੰ ਰਾਹਤ ਦੇਣ ਦੀ ਕੋਸ਼ਿਸ਼ ਕਰਦਾ ਹੈ ਇਸ ਪ੍ਰੋਗਰਾਮ ਵਿੱਚ ਸ਼ਿਅਰ, ਗੀਤ ਆਦਿ ਨਾਲ ਮਨਪ੍ਰਚਾਵਾ ਹੁੰਦਾ ਹੈ ਇਸ ਕਾਂਡ ਵਿਚ ਜਿਥੇ ਨਵੇਂ ਸਾਲ ਦਾ ਜਸ਼ਨ ਮਨਾਉਣ ਦਾ ਉਪਰਾਲਾ ਕੀਤਾ ਹੈ ਉਥੇ ਆਲੋਕ ਦਾ ਸਹਿ ਕਰਮੀ ਵਿਨੋਦ ਦੇ ਅੱਗ ਵਿਚ ਝੁਲਸਣ ਦੀ ਤ੍ਰਾਸਦੀ ਵੀ ਹੈ ਆਲੋਕ ਜਿੱਥੇ ਪਹਾੜਾਂ ਵਿੱਚ ਲੜਾਈ ਬਾਰੇ ਸੋਚਦਾ ਹੈ ਓਧਰ ਉਸ ਨੂੰ ਦੋ ਇੱਲਾਂ ਅਤੇ ਕੋਇਲ ਦੀ ਰਲੀ ਮਿਲੀ ਆਵਾਜ਼ ਪ੍ਰੇਸ਼ਾਨ ਕਰਦੀ ਹੈ ਪਰਿਵਾਰ ਤੋਂ ਦੂਰ ਰਹਿਣ ਦੀ ਇਕੱਲਤਾ ਵੀ ਪ੍ਰਭਾਵਿਤ ਕਰਦੀ ਹੈ ਇਸ ਤਰ੍ਹਾਂ ਗਲੇਸ਼ੀਅਰ ਵਿਚ ਆਗਜਨੀ, ਸਟੀਲ ਦੀ ਚਿੜੀ, ਪੁਲ ਦੀ ਕਹਾਣੀ ਅਤੇ ਡੋਂਗਲ ਦੀ ਭਾਵੁਕਤਾ ਬਾਰੇ ਜਾਣਕਾਰੀ ਮਿਲਦੀ ਹੈ ।

ਅੱਗ ਨਾਲ ਝੁਲਸੇ ਵਿਨੋਦ ਦੀ ਮੌਤ ਦਰਦਨਾਕ ਮੰਜ਼ਰ ਪੇਸ਼ ਕਰਦੀ ਹੈ ਨਵੇਂ ਦੋ ਮਹੀਨੇ ਪਹਿਲਾਂ ਵਿਆਹੇ ਇਸ ਫੌਜੀ ਦੀ ਪਤਨੀ ਗਰਭਵਤੀ ਹੈ ਜਿਸ ਦੇ ਕੁਝ ਦਿਨਾਂ ਵਿਚ ਮਾਂ ਬਣਨ ਦੀ ਗੱਲ ਆਖੀ ਗਈ ਹੈ ਇਹ ਵੀ ਇਕ ਸਵਾਲ ਖੜ੍ਹਾ ਕਰਦੀ ਹੈ ਅਭਿਸਾਰ ਵਿਚ ਉਹਨਾਂ ਤਿੰਨ ਕੁੜੀਆਂ ਦੀ ਗੱਲ ਵੀ ਰੌਚਕਤਾ ਪੈਦਾ ਕਰਦੀ ਹੈ ਜਿਸ ਵਿਚੋਂ ਆਲੋਕ ਨੂੰ ਇਕ ਕੁੜੀ ਸੁਨਿਗਧਾ ਵਰਗੀ ਜਾਪਦੀ ਹੈ

ਬਰਫੀਲੇ ਇਲਾਕੇ ਵਿੱਚ ਹਰ ਸ਼ਾਮ ਰਮ ਦੀ ਮੰਗ ਵਧਦੀ ਹੈ ਇਕ ਦਿਨ ਆਕਾਸ਼ ਸਾਫ ਦੇਖ ਕੇ ਰਨਵੇ ਤੋਂ ਬਰਫ ਹਟਾਉਣ ਤੇ ਖੁਸ਼ੀ ਜਾਹਰ ਕੀਤੀ ਜਾਂਦੀ ਹੈ ਪਰ ਆਲੋਕ ਤਾਂ ਆਪਣੀਆਂ ਸੋਚਾਂ ਵਿਚ ਡੁੱਬਾ ਕਦੇ ਆਪਣੀ ਪਤਨੀ ਅੰਤਰਾ ਅਤੇ ਕਦੇ ਬੇਟੀ ਤੋੜਾ ਬਾਰੇ ਸੋਚਦਾ ਹੈ ਹੁਣ ਉਹ ਦੂਰਦਰਸ਼ਨ ਦੇ ਚਲਦੇ ਮਨੋਰੰਜਕ ਪ੍ਰੋਗਰਾਮਾਂ ਦੀ ਥਾਂ ਖਬਰਾਂ ਹੀ ਸੁਣਦਾ ਹੈ ਉਹ ਮੰਤਰੀਆਂ ਦੀ ਨਕਲੀ ਮੁਸਕੁਰਾਹਟ, ਪਾਕਿਸਤਾਨ ਦੀ ਨਿੰਦਾ, ਅਮਰੀਕਾ ਦੇ ਰਾਜਦੂਤ ਨੇ ਕੀ ਕਿਹਾ, ਦਹਿਸ਼ਤਵਾਦੀ ਪੁਲਿਸ, ਦੇਸ਼ ਦੇ ਵੱਖੋ ਵੱਖਰੇ ਇਲਾਕਿਆਂ ਵਿਚ ਮਿਲਟਰੀ ਰੇਡਾਂ ਬਾਰੇ ਜਾਣਕਾਰੀ ਹਾਸਲ ਕਰਦਾ ਹੈ ਸ਼ਿਮਲਾ ਪਹਾੜ ਪਾਰ ਕਰਕੇ ਚੰਡੀਗੜ੍ਹ ਆ ਕੇ ਸ਼ਾਂਤੀ ਮਹਿਸੂਸ ਕਰਦਾ ਹੈ ਐੱਸ ਟੀ ਡੀ ਤੋਂ ਕਾਲ ਨਾ ਮਿਲਣ ਤੇ ਸੋਚਦਾ ਹੈ ਕਿ ਟੈਲੀਫੋਨ ਨੰਬਰ ਬਦਲ ਗਏ ਹਨ ਜਾਂ ਐੱਸ ਟੀ ਡੀ ਕੋਡ ਬਦਲ ਗਏ ਹਨ

ਨਾਵਲ ਦੇ ਅਖੀਰਲੇ ਭਾਗ ਵਿੱਚ ਪਹਿਲਾ ਭਾਗ ਵਿਚ ਲਗੀ ਅੱਗ ਬਾਰੇ ਕੋਰਟ ਆਫ ਇਨਕੁਆਇਰੀ ਵਿਚ ਦੱਸਿਆ ਗਿਆ ਕਿ ਫੌਜੀਆਂ ਦਾ ਉਪਰਾਮ ਹੋਣਾ ਹੀ ਅੱਗ ਲੱਗਣ ਦਾ ਮੂਲ ਕਾਰਨ ਸੀ, ਫੌਜੀਆਂ ਨੂੰ ਹੋਰ ਚੌਕਨੇ ਹੋਣਾ ਚਾਹੀਦਾ ਹੈ ਤੰਬੂ ਵਿੱਚ ਘੱਟੋ ਘੱਟ ਇੱਕ ਜਨਰਲ ਅੱਗ ਬੁਝਾਊ ਯੰਤਰ ਰਹਿਣਾ ਚਾਹੀਦਾ ਹੈ ਆਲੋਕ ਮਨ ਹੀ ਮਨ ਸੋਚਦਾ ਅੱਗ ਬੁਝਾਊ ਯੰਤਰ ਤਾਂ ਬਾਹਰਲੀ ਅੱਗ ਬੁਝਾ ਸਕਦਾ ਹੈ ਪਰ ਅੰਦਰ ਲਗੀ ਅੱਗ? ਅਜਿਹੇ ਹਾਲਾਤਾਂ ਵਿੱਚ ਇੰਤਜ਼ਾਰ ਵਿਚ ਦਿਨ ਗਿਣਦੀਆਂ ਹਨ ਅੰਤਰਾ ਅਤੇ ਯੁੱਧ 'ਚ ਲਗੇ ਅਣਗਿਣਤ ਫੌਜੀਆਂ ਦੀਆਂ ਵਹੁਟੀਆਂ ਇੰਤਜ਼ਾਰ ਕਰਦੀਆਂ ਹਨ ਮਾਵਾਂ ਕਦੋਂ ਉਹਨਾਂ ਦੇ ਪੁੱਤ ਵਾਪਸ ਆਉਣਗੇ ਬੁਖ਼ਾਰੀ ਨੂੰ ਰਾਖਸ਼ੀ ਆਕਾਰ ਗਰਦਾਨਿਆ ਗਿਆ ਹੈ ਜਿਹੜਾ ਪਲ ਵਿੱਚ ਹੀ ਬਰਫੀਲੇ ਤੂਫਾਨ ਨੂੰ ਨਿਗਲ ਜਾਂਦਾ ਹੈ । ਇਸ ਨਾਵਲ ਦੇ ਹੋਰ ਭਾਗ ਜਿਹਨਾਂ ਵਿਚ ਮਾਂ ਮੈਂ ਨਾਮ ਲਿਖਵਾ ਦੇਵਾਂਗਾ, ਦੋ ਹੰਸਾਂ ਦਾ ਜੋੜ ਵਿਛੜ ਗਿਓ ਰੇ, ਅਲੌਕਿਕ ਚਿੜੀਏ, ਗਲੇਸ਼ੀਅਰ ਚੂਹੇ ਦੀ ਕਹਾਣੀ, ਚਿੱਠੀ ਆਈ ਹੈ, ਅੱਗੇ ਚੂਹਾ ਪਿੱਛੇ ਬਿੱਲੀ ਆਦਿ ਸ਼ਾਮਲ ਹਨ, ਵਧੀਆ ਆਧਾਰ ਸਥਾਪਤ ਕਰਦੇ ਹਨ ਨਾਵਲ ਦੀ ਸ਼ੈਲੀ ਅਤੇ ਵਿਸ਼ਾ ਚੰਗਾ ਹੈ ਪਰ ਇਸ ਵਿਚਲੇ ਕੁਝ ਸ਼ਬਦ ਆਮ ਪਾਠਕਾਂ ਦੀ ਪਕੜ ਵਿੱਚ ਆਉਣੇ ਔਖੇ ਜਾਪਦੇ ਹਨ ਅਤੇ ਪੁਸਤਕ ਦੀ ਪਰੂਫ ਰਾਈਡਿੰਗ ਵਿਚ ਘਾਟ ਮਹਿਸੂਸ ਹੋਈ ਪੁਸਤਕ ਦੇ ਟਾਈਟਲ ਵਿਚ ਪੁਸਤਕ ਦਾ ਅਤੇ ਲੇਖਕ ਦੇ ਨਾਮ ਵਿਚ ਬਹੁਤ ਵੱਡੀ ਗਲਤੀ ਦਿਸਦੀ ਹੈ ਇਸ ਨਾਵਲ ਨੂੰ ਅਨੁਵਾਦਿਕ ਪ੍ਰੋਮਿਲਾ ਅਰੋੜਾ ਨੇ ਬੜੀ ਮਿਹਨਤ ਨਾਲ ਸਿਰਜਿਆ ਹੈ ਅਤੇ ਬਰਨਾਲੇ ਦੇ ਮਾਣ ਸਵਰਗੀ ਰਾਮ ਸਰੂਪ ਅਣਖੀ ਅਤੇ ਉਹਨਾਂ ਦੀ ਸਵਰਗਵਾਸੀ ਪਤਨੀ ਸ਼ੋਭਾ ਅਣਖੀ ਨੂੰ ਸਮਰਪਿਤ ਕੀਤਾ ਹੈ ਇਸ ਨਾਵਲ ਨੂੰ ਖ਼ੁਸ਼ ਆਮਦੀਦ ਆਖਣਾ ਬਣਦਾ ਹੈ ਸਾਹਿਤਕ ਖੇਤਰ ਵਿੱਚ ਇਸ ਦਾ ਸਵਾਗਤ ਹੈ ।

# ਚੁਬਾਰੇ ਹੁੰਦੇ ਸੀ ਸਾਡੇ ਪੰਜਾਬ ਦੇ ਪਿੰਡਾਂ ਦੀ ਸ਼ਾਨ

ਸ਼ੁਭ ਚਿੰਤਕ
ਨਰਿੰਦਰ ਭੱਪਰ ਝਬੇਲਵਾਲੀ
ਪਿੰਡ ਤੇ ਡਾਕਖਾਨਾ
ਝਬੇਲਵਾਲੀ
ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ
6284145349

ਕਦੇ ਸਾਡੇ ਪੰਜਾਬ ਵਿੱਚ ਚੁਬਾਰੇ ਪਿੰਡ ਦੀ ਸ਼ਾਨ ਹੁੰਦੇ ਸਨ ਲੋਕ ਘਰਾਂ ਦੀ ਗਹਿਮਾ- ਗਹਿਮੀ ਤੋਂ ਦੂਰ ਹੋਣ ਲਈ ਇਕਾਂਤ ਮਾਨਣ ਲਈ ਅਤੇ ਆਪਣੀ ਗੋਰੀ ਨਾਲ ਭਰਪੂਰ ਮੁਹੱਬਤ ਕਰਨ ਲਈ ਚੁਬਾਰਿਆਂ ਦੀ ਲੋੜ ਮਹਿਸੂਸ ਕਰਦੇ ਸਨ ਹਰ ਕੋਈ ਚੁਬਾਰਾ ਨਹੀਂ ਪਾ ਸਕਦਾ ਸੀ ਪਹਿਲਾਂ ਪਿੰਡਾਂ ਵਿੱਚ ਕੇਵਲ ਸ਼ਾਹਾਂ ਦੇ ਘਰਾਂ ਜਾਂ ਅਮੀਰ ਜਿਮੀਦਾਰਾਂ ਦੇ ਘਰਾਂ ਉੱਪਰ ਹੀ ਚੁਬਾਰੇ ਹੁੰਦੇ ਸਨ ਕਈ ਲੋਕ ਆਪਸ ਵਿੱਚ ਮੁਕਾਬਲਾ ਕਰਨ ਲੱਗ ਪੈਂਦੇ ਤਾਂ, ਉਹਨਾਂ ਦੇ ਘਰਾਂ ਉੱਪਰ ਚੁਬਾਰੇ -ਦਰ -ਚੁਬਾਰੇ ਬਣ ਜਾਂਦੇ ਪਰ ਉਨਾਂ ਚੁਬਾਰਿਆਂ ਦੀ ਜ਼ਿੰਦਗੀ ਆਮ ਘਰਾਂ ਦੀ ਜ਼ਿੰਦਗੀ ਨਾਲੋਂ ਬਿਲਕੁਲ ਵੱਖਰੀ ਹੁੰਦੀ ਸੀ ਉਹਨਾਂ ਵਿੱਚ ਚੋਬਰਾਂ ਦੀਆਂ ਮਹਿਫਲਾਂ ਲੱਗਦੀਆਂ ਤੇ ਦਾਰੂ ਦੇ ਦੌਰ ਚਲਦੇ ਸਨ ਪੁਰਾਣੇ ਵੇਲਿਆਂ ਵਿੱਚ ਚੁਬਾਰੇ ਦੀ ਵੀ ਇਸ ਲਈ ਲੋੜ ਪੈਂਦੀ ਸੀ ਕਿਉਂਕਿ ਘਰਾਂ ਦੇ ਅੰਦਰ ਹੁੰਮਸ ਹੁੰਦਾ ਸੀ ਤੇ ਲੋਕ ਉਸ ਹੁੰਮਸ ਤੋਂ ਬਚਣ ਲਈ ਚੁਬਾਰਿਆਂ ਦੀ ਉਸਾਰੀ ਕਰਦੇ ਹਨ ਇਹ ਉਹਨਾਂ ਵੇਲਾਂ ਦੀ ਗੱਲ ਹੈ, ਜਦੋਂ ਘਰਾਂ ਵਿੱਚ ਬਿਜਲੀ ਇੱਕ ਸੁਫ਼ਨਾ ਹੀ ਸੀ ਤੇ ਲੋਕਾਂ ਲਈ ਗਰਮੀ ਕੱਟਣੀ ਬੜੀ ਔਖੀ ਸੀ ਦਿਨ ਤਾਂ ਉਹ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਾਰ ਹੀ ਲੈਂਦੇ ਸਨ ਪਰ ਜਦੋਂ ਬਰਸਾਤਾਂ ਪੈਣ ਲੱਗਦੀਆਂ ਤਾਂ ,ਘਰਾਂ ਦੇ ਅੰਦਰ ਰਾਤਾਂ ਗੁਜ਼ਾਰਣੀਆਂ ਔਖੀਆਂ ਹੋ ਜਾਂਦੀਆਂ ਸਨ ਇਸ ਲਈ ਲੋਕ ਚੁਬਾਰਿਆਂ ਦੀਆਂ ਖਿੜਕੀਆਂ ਅਤੇ ਦਰਵਾਜ਼ੇ ਖੋਲ ਕੇ ਸੌਂ ਜਾਂਦੇ ਸਨ ਜਿਸ ਨਾਲ ਰਾਤਾਂ ਸੌਖੀ ਤਰ੍ਹਾਂ ਬੀਤ ਜਾਂਦੀਆਂ ਸਨ ਬਸ ਚੁਬਾਰੇ ਵਾਲਿਆਂ ਦੀਆਂ ਇਹ ਸੌਖੀ ਤਰ੍ਹਾਂ ਬੀਤੀਆਂ ਹੋਈਆਂ ਰਾਤਾਂ ਹੀ ਸਾਹਿਤ ਵਿੱਚ ਵਿਅੰਗ ਬਣ ਗਈਆਂ ਪਰ ਪਤਾ ਨਹੀਂ ਇਸ ਵਿਅੰਗ ਦੇ ਤ੍ਰਿਸ਼ੂਲ ਚੁਬਾਰੇ ਵਾਲਿਆਂ ਨੂੰ ਵੀ ਚੁੱਭਦੇ ਸਨ, ਕਿ ਨਹੀਂ ਸਾਡੇ ਸਾਹਿਤਕਾਰ ਲੋਕ ਪਿੰਡਾਂ ਦੇ ਚੁਬਾਰਿਆਂ ਤੇ ਵਿਅੰਗ ਕਰਦੇ ਨੇ ਪਰ ਜਦੋਂ ਆਪ ਮੁੰਬਈ, ਦਿੱਲੀ, ਚੰਡੀਗੜ੍ਹ,ਲੁਧਿਆਣੇ ,ਜਲੰਧਰ ਵਰਗੇ ਮਹਾਨ ਨਗਰਾਂ ਵਿੱਚ ਜਾ ਕੇ ਵੱਸਦੇ ਹਨ ਤਾਂ ਉਹ ਉਪਰਲੀ ਮੰਜ਼ਿਲ ਮਤਬਲ ਚੁਬਾਰੇ ਵਿੱਚ ਰਹਿ ਕੇ ਹੀ ਖੁਸ਼ ਹੁੰਦੇ ਹਨ

ਇਹ ਗੱਲ ਵੱਖਰੀ ਹੈ, ਕਿ ਇਹਨਾਂ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਚੁਬਾਰਿਆਂ ਨੂੰ ਮਾਲਕ ਲੋਕ ਬਰਸਾਤੀ ਕਹਿੰਦੇ ਨੇ ,ਉਹ ਬਰਸਾਤੀ ਹੋ ਕੇ ਵੀ ਸਾਰਾ ਸਾਲ ਕੰਮ ਆਉਂਦੀ ਹੈ ਤੇ ਵਧੇਰੇ ਕਰਕੇ ਸਾਹਿਤਕਾਰਾਂ ਦਾ ਰਹਿਣ ਬਣਦਾ ਹੈ ਕੁਝ ਸਾਹਿਤਕਾਰ ਚੁਬਾਰੇ ਵਿੱਚ ਰਹਿੰਦੀਆਂ ਜ਼ਨਾਨੀਆਂ ਤੇ ਜਿਹੜੇ ਵਿਅੰਗ ਕਰਦੇ ਨੇ ਜਿਵੇਂ---

ਚੁਬਾਰਿਆਂ ਵਿੱਚ ਰਹਿਣ ਵਾਲੀਏ ,
ਤੇਰਾ ਰੂਪ ਨਾ ਸਦਾ ਲਈ ਰਹਿਣਾ

ਮੌਜੂਦਾ ਦੌਰ ਵਿੱਚ ਦੇਸ਼ ਖਾਸ ਕਰ ਪੰਜਾਬ ਵਿੱਚ ਜਿਹੜੀ ਨਵੀਂ ਕਿਸਮ ਦੀ ਉਸਾਰੀ ਹੋ ਰਹੀ ਹੈ ਉਸ ਵਿੱਚ ਪੁਰਾਣੀ ਤਰਜ਼ ਦੇ ਚੁਬਾਰਿਆਂ ਵਾਲੀ ਕੋਈ ਥਾਂ ਨਹੀਂ ਰਹੀ ਹੁਣ ਤਾਂ ਲੋਕ ਮਕਾਨਾਂ ਦੀਆਂ ਮੰਜ਼ਿਲਾਂ ਉੱਪਰ ਇਸ ਤਰ੍ਹਾਂ ਮੰਜ਼ਿਲਾਂ ਉਸਰਦੇ ਜਾ ਰਹੇ ਨੇ ਕਿ ਹਰੇਕ ਮੰਜ਼ਿਲ ਉੱਪਰ ਇਸ ਤਰ੍ਹਾਂ ਮੰਜ਼ਿਲ ਤੇ ਬਣਾਈ ਜਾ ਰਹੇ ਨੇ ਕਿ ਹਰੇਕ ਮੰਜ਼ਿਲ ਆਪਣੇ ਆਪ ਵਿੱਚ ਇੱਕ ਵੱਖਰਾ ਘਰ ਪ੍ਰਤੀਤ ਹੁੰਦੀ ਹੈ ਬਲਕਿ ਹਰੇਕ ਮੰਜ਼ਿਲ ਦਾ ਹਰੇਕ ਹਿੱਸਾ ਆਪਣੇ ਆਪ ਵਿੱਚ ਵੱਖਰਾ ਘਰ ਹੈ ਦੂਸਰੇ ਹਿੱਸਿਆਂ ਵਿੱਚ ਰਹਿਣ ਵਾਲੇ ਉਸ ਅੰਦਰ ਘਰ ਵਾਲੇ ਦੀ ਮਰਜ਼ੀ ਤੋਂ ਬਗੈਰ ਪ੍ਰਵੇਸ਼ ਨਹੀਂ ਕਰ ਸਕਦੇ ਕਈ ਲੋਕ ਤਾਂ ਇਸ ਢੰਗ ਨਾਲ ਮੰਜਿਲਾਂ ਉੱਪਰ ਮੰਜ਼ਿਲਾਂ ਦੀ ਉਸਾਰੀ ਕਰਦੇ ਹਨ, ਕਿ ਉਹਨਾਂ ਅੰਦਰ ਬਾਹਰਲੇ ਕਿਸੇ ਬੰਦੇ ਦੀ ਅੱਖ ਵੀ ਅੰਦਰ ਨਹੀਂ ਜਾ ਸਕਦੀ ਇਸ ਤਰ੍ਹਾਂ ਦੇ ਘਰਾਂ ਦਾ ਆਪਣਾ ਇੱਕ ਤਰ੍ਹਾਂ ਦੇ ਘਰਾਂ ਦਾ ਆਪਣਾ ਇੱਕ ਰਹਿਸ ਭਰਿਆ ਰੋਮਾਂਸ ਹੈ ਪਰ ਇਸ ਨੂੰ ਵੇਖ ਕੇ ਲੋਕ ਗੀਤਾਂ ਵਾਲੇ ਚੁਬਾਰੇ ਅੱਖਾਂ ਸਾਹਮਣੇ ਨਹੀਂ ਆਉਂਦੇ ਤਾਹੀਓ ਤਾਂ ਕਿਸੇ ਨੇ ਗੀਤ ਵਿੱਚ ਲਿਖਿਆ ਹੈ

ਮੈਨੂੰ ਖਿੱਚ ਲੈ ਚੁਬਾਰੇ ਵਿੱਚ ਬਾਂਹ ਫੜ ਕੇ ,
ਮੈਨੂੰ ਖਿੱਚ ਲੈ ਵੈਰੀ ਆ

ਹਰ ਬੰਦਾ ਆਪਣੇ ਘਰ ਉੱਪਰ ਇੱਕ ਚੁਬਾਰਾ ਬਣਾਉਣ ਦਾ ਚਾਹਵਾਨ ਹੈ ਪਰ ਸਾਹਿਤ ਵਿੱਚ ਚੁਬਾਰਿਆਂ ਦੇ ਵਿਰੁੱਧ ਜਿਹੜਾ ਤੂਫ਼ਾਨ ਝੁੱਲ ਪਿਆ ਹੈ ਉਸ ਨਾਲ ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿੱਚ ਇਸ ਖਾਹਿਸ਼ ਦਾ ਦੀਵਾ ਗੁੱਲ ਹੋ ਗਿਆ ਹੈ ਕੀਤਾ ਕੀ ਜਾਵੇ ਜੇਕਰ ਚੁਬਾਰਾ ਬਣਾਓ ਤਾਂ ਲੇਖਕਾਂ ਕੋਲੋਂ ਸਾਹਿਤ ਵਿੱਚ ਵਿਅੰਗ ਦੇ ਤੀਰ ਖਾਓ ਨਾਲੇ ਇਹ ਕਿਹੜਾ ਲੋਕ ਸਾਹਿਤ ਪੜ੍ਹਦੇ ਹਨ ਇਹਨਾਂ ਨੂੰ ਕੀ ਪਤਾ ਸਾਹਿਤ ਵਿੱਚ ਚੁਬਾਰਿਆਂ ਵਿਰੁੱਧ ਕੀ ਕੁਝ ਲਿਖਿਆ ਗਿਆ ਹੈ ਇਹਨਾਂ ਲੋਕਾਂ ਦੀਆਂ ਤੇ ਖਾਸ ਕਰਕੇ ਚੁਬਾਰਿਆਂ ਦੀ ਇਹੋ ਖ਼ੁਸ਼ਕਿਸਮਤੀ ਜਿਹੀ ਹੈ ਇਹੋ ਹੀ ਕਾਰਨ ਹੈ ਕਿ ਵਿਚਲੇ ਵਿਅੰਗ ਸਾਹਿਤ ਤੋਂ ਅਭਿੱਜ ਇਕ ਛੋਟਾ ਕਿਸਾਨ ਅੱਜ ਹੀ ਆਪਣੀ ਗੋਰੀ ਨੂੰ ਇੱਕ ਗੱਲ ਕਹਿ ਰਿਹਾ ਹੈ ,ਕਿ ਉਹ ਭਰਾਵਾਂ ਨਾਲ ਜ਼ਮੀਨ ਵੰਡ ਕੇ ਉਸਨੂੰ ਚੁਬਾਰਾ ਜ਼ਰੂਰ ਪਵਾਕੇ ਦੇਵੇਗਾ

ਪਿੰਡਾਂ ਵਿੱਚੋਂ ਪਿੰਡ ਸੁਣੀਦਾ ,ਪਿੰਡ ਸੁਣੀ ਦਾ ਭਾਰਾ

ਅੱਧਾ ਮੈਂ ਘਰ ਵੰਡਾਵਾਂ , ਕੋਠੇ ਨਾਲ ਚੁਬਾਰਾ
ਜ਼ਮੀਨ ਦੇ ਵਿੱਚੋਂ ਅੱਧ ਵੰਡਾਵਾਂ, ਬਲਦ ਸਾਂਭ ਲੂੰ ਨਾਰਾ

ਰੋਹੀ ਵਾਲਾ ਜੰਡ ਵੱਢ ਕੇ ,ਤੈਨੂੰ ਕੱਲੀ ਨੂੰ ਪੁਆ ਦਿਉ ਚੁਬਾਰਾ ਮਹਾਨ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਨੇ ਵੀ ਲਿਖਿਆ ਹੈ, ਕਿ --

ਮਹਿਲਾਂ ਦੀਆਂ ਗੁਆਂਢੀ ਝੁੱਗੀਆਂ ,
ਹਰੀ ਕਚੂਰ ਬਰੂਟੀ ਦੇ ਨਾਲ ,
ਖੱਬਲ ਵਾਂਗ ਉਗੀਆਂ

ਜਾਂ ਕਈ ਗੀਤਾਂ ਵਿੱਚ ਜ਼ਿਕਰ ਹੈ ---

ਜੇ ਮੈਂ ਹੁੰਦੀ ਜ਼ੈਲਦਾਰਨੀ,
ਤੇਰੀ ਗੁੱਤ ਤੇ ਤੇਰੀ ਮੁੱਛ ਤੇ ਚੁਬਾਰਾ ਪਾਉਂਦੀ

ਜਾਂ

ਲੰਬੜਦਾਰ ਦਾ ਚੁਬਾਰਾ ਤੱਕਕੇ,
ਬੇਗੋਨਾਰ ਦਾ ਕਲੇਜਾ ਧੜਕੇ
ਵਾਰ ਦਿਆਂ ਜਿੰਦ ਸੋਹਣਿਆ,
ਜੇ ਤੂੰ ਬੁਲਾਵੇ ਚੁਬਾਰੇ ਚੜ੍ਹ ਕੇ

ਇਸੇ ਤਰ੍ਹਾਂ ਇੱਕ ਔਰਤ ਕਹਿੰਦੀ ਹੈ -----

ਸੁਣ ਵੇ ਸੂਰਜਾ! ਸੁਣ ਵੇ ਚੰਨਾ,
ਨੈਣੀਂ ਨੀਰ ਵਹਾਵਾਂ
ਜੇ ਮੇਰਾ ਢੋਲ ਆ ਜਾਵੇ ,
ਉੱਚੇ ਚੜ੍ਹ ਕੇ ਚੁਬਾਰੇ ਗਾਵਾਂ
ਸੁਣ ਵੇ ਸੂਰਜਾ! ਸੁਣ ਵੇ ਚੰਨਾ ,
ਜੇ ਮੇਰਾ ਢੋਲ ਆਹ ਮੁੜੇ
ਅੱਗ ਇਹਨਾਂ ਚੁਬਾਰਿਆਂ ਨੂੰ ਲਾਵਾਂ

ਜਾਂ

ਅੰਬ ਚੁਪਦੀ ਚੁਬਾਰੇ ਵਿੱਚ ਚੜ੍ਹਕੇ
ਗੁਵਾਂਢੀਆਂ ਦੇ ਮਾਰੇ ਗਿਟਕਾਂ

ਜਾਂ

ਸਾਹਮਣੇ ਚੁਬਾਰੇ ਵਿੱਚ ਮੈਂ ਖੇਡਾਂ ਗੀਟੀਆਂ,
ਗੱਭਰੂ ਜਵਾਨ ਮੁੰਡਾ ਮਾਰਿਆ ਸੀਟੀਆਂ

ਪਰ ਦੋਸਤੋ ਭਾਵੇਂ ਅਸੀਂ ਤਰੱਕੀ ਕਰ ਲਈ ਹੈ ਪਰ ਅੱਜ ਪੰਜਾਬ ਦੇ ਪਿੰਡਾਂ ਵਿੱਚ ਟਾਂਵੇ -ਟਾਂਵੇ ਘਰਾਂ ਵਿੱਚ ਹੀ ਚੁਬਾਰਾ ਦੇਖਣ ਨੂੰ ਮਿਲਦਾ ਹੈ ਅੱਜ ਕੱਲ੍ਹ ਪਿੰਡਾਂ ਵਿੱਚੋਂ ਵੀ ਚੁਬਾਰੇ ਅਲੋਪ ਹੋ ਰਹੇ ਹਨ।


ਸ਼ੀਲ
ਸਮਾਧੀ
ਪ੍ਰਗਿਆ
ਨਮੋ: ਬੁਧਾਏ
ਜੈ ਭੀਮ
DHAMMA WAVES
Bhikkhuni Sanghmitta
Topic: Rules of the Nature
कुदरत के असूल
Topic : एक मीडिया के रूप में महाबोधि महाविहार बोधगया पर वर्तमान अपडेट
Sunday June.8th,2025 at 8 PM Indian Time
सुरेश पासवान
Guest Speaker : Mr. Suresh Paswan
(Editor WLBS News)
SooD Bhaddi # 94176-88936

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**